# ਚਿੱਠੀ ਲਿਖੀ - ਨਿਰੰਕਾਰ ਨੂੰ

ੴ

ਮੇਰੇ ਪਿਆਰੇ ਮਿੱਠੇ ਚੰਗੇ ਇੱਕ ਓਅੰਕਾਰ ਜੀਓ,

ਮੈਂ ਤੁਹਾਡੀ ਖਾਕ, ਤੁਹਾਡੀ ਚਰਨ ਧੂੜ ਤੁਹਾਡੇ ਅੱਗੇ ਅਰਜ਼ੋਈ ਕਰਨ ਦਾ ਜੇਰਾ ਕਰਨ ਲਈ ਹਾਜ਼ਰ ਹਾਂ।

ਮੈਂ ਸੁਣਿਐ ਸਭ ਤੂੰ ਹੀ ਤੂੰ ਹੈਂ। ਕਾਰਜ, ਕਾਰਣ, ਪ੍ਰਤੀਫਲ ਸਭ ਤੂੰ ਹੀ ਤੂੰ ਹੈਂ ਤੇ ਮਾਨਸ ਜਾਤ ਭਰਮ ਤੇ ਹਉਮੈਂ ਦਾ ਮਾਰਿਆ, ਇਸੇ ਅਗਿਆਨ ਵਿੱਚ ਗਲਤਾਨ ਹੈ ਕਿ ਉਹ ਹੀ ਹੈ ਸਭ ਕੁਝ। ਇਸੇ ਨੂੰ ਮੈਂ, ਮੇਰੀ ਤੇ ਮੋਹ ਦਾ ਜਾਲ ਕਹਿੰਦੇ ਹਨ। ਇਹ ਮੈਂ ਸੁਣਿਆ ਹੈ, ਪਰ ਅੰਦਰ ਵਸਾਇਆ ਨਹੀਂ, ਅੰਦਰੋਂ ਬੁੱਝਿਆ ਨਹੀਂ।

ਮੈਂ ਤਾਂ ਹਾਲੇ ਤੇਰਾ ਬਣ ਕੇ ਤੇਰੇ ਵਿੱਚ ਸਮਾਉਣ ਦੀ ਤਮੰਨਾਂ ਵਾਲੇ ਪਾਸੇ ਕਦਮ ਹੀ ਨਹੀਂ ਚੁਕਿਆ। ਮੈਂ ਤਾਂ ਤੇਰੀ ਖੇਡ ਦਾ ਸਦਕਾ, ਤੈਥੋਂ ਬੈਰਾ ਵੱਖ ਹੋ ਕੇ ਅੰਦਰ ਹੀ ਅੰਦਰ ਕੁਝ ਕਦੇ ਜੂਝਦਾ ਹਾਂ, ਪਰ ਬਹੁਤਾ ਤਾਂ ਸੁੱਖ, ਪਦਾਰਥ ਤੇ ਮੋਹ ਦੇ ਆਲ-ਜਾਲ, ਜੰਜਾਲ ਵਿੱਚ ਜਾਨਵਰ ਤੋ ਵੀ ਬਦਤਰ ਬੁਰੀ ਤਰ੍ਹਾਂ ਲੁਝਦਾ ਫਿਰਦਾ ਹਾਂ। ਪਰ ਮੇਰੇ ਵੱਸ ਕੀ ਹੈ? ਮੈਨੂੰ ਆਪ ਹੀ ਦੱਸ ਮੇਰੀ ਸਰਕਾਰ, ਮੇਰੇ ਪਿਆਰ, ਮੇਰੇ ਨਿਰੰਕਾਰ।

ਤੈਨੂੰ ਪਿਆਰਾ ਨਿਰੰਕਾਰ ਜਾਣ ਕੇ, ਕੋਲ ਵੱਸਿਆ ਜਾਣ ਕੇ, ਤੇਰੇ ਨਾਲ ਗੱਲਾਂ ਕਰਨ ਨੂੰ, ਤੇਰੇ ਸਨਮੁੱਖ ਹੋਇਆ ਹਾਂ। ਮੇਰੀ ਸੁਣ ਲਓ ਜੀ ਜ਼ਰੂਰ। ਭਾਵੇਂ ਕਰਨਾ ਤੁਸੀਂ ਓਹੀ ਹੈ, ਜੋ ਤੁਹਾਨੂੰ ਭਾਵੇ ਜੀਓ, ਪਰ ਜੇ ਬੇਨਤੀ ਕਰਵਾ ਰਹੇ ਹੋ ਤਾਂ ਮੈਨੂੰ ਇਹ ਅਹਿਸਾਸ ਤਾਂ ਦਿਓ ਨਾਂ ਜੀਓ, ਕਿ ਤੁਸੀਂ ਸੁਣ ਰਹੇ ਹੋ।

**ਮੈਨੂੰ ਗੁਰੂ ਨਾਨਕ ਦਾ ਸਿੱਖ ਸਮਝਿਆ ਜਾਂਦਾ ਹੈ। ਇਹੀ ਮੇਰੀ ਪ੍ਰਾਪਤੀ ਹੈ, ਹਾਲੇ ਤੱਕ ਜੀਵਨ ਦੀ।** ਮੈਂ ਵੀ ਗੁਰਮਤਿ ਜੀਵਨ ਜੀਣਾ ਚਾਹੁੰਦਾ ਹਾਂ। ਤੁਹਾਡੀ ਕਿਰਪਾ

ਨਾਲ ਮਿਲੀ, ਇਸ ਲੋਚ ਦਾ ਸਦਕਾ ਹੀ ਤੁਹਾਡੇ ਨਾਲ ਗੱਲਾਂ ਕਰ ਰਿਹਾ ਹਾਂ। ਮੈਂ ਸੁਣਿਐ ਤੂੰ ਹੀ ਨਿਰੰਕਾਰ, ਤੂੰ ਹੀ ਗੁਰੂ ਨਾਨਕ, ਤੂੰ ਹੀ ਸਾਰੇ ਮੇਰੇ ਗੁਰੂ ਤੇ ਤੂੰ ਹੀ ਮੇਰਾ ਹਾਜ਼ਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੈਂ।

ਮੇਰੀ ਅਰਜ਼ੋਈ ਮੇਰੇ ਪਾਤਸ਼ਾਹ ਪਹਿਲੋ ਦੀ ਪਹਿਲ ਇਹੋ ਹੈ ਕਿ ਜੋ ਮੈਂ ਸੁਣਿਐ, ਉਸਦੀ ਸਮਝ, ਸੋਝੀ, ਬੂਝ ਦੇਹ ਤੇ ਮੇਰਾ ਅੰਗ-ਅੰਗ, ਮੇਰਾ ਸੁਆਸ-ਸੁਆਸ, ਮੇਰੀ ਬੁੱਧੀ ਤੇ ਮੇਰਾ ਅਹਿਸਾਸ, ਤੇਰੇ ਸਦਾ ਦੇ ਪ੍ਰਤੱਖ ਦਰਸ਼ਨ ਗੁਰਬਾਣੀ, ਗੁਰ ਸ਼ਬਦ, ਗੁਰੂ ਗ੍ਰੰਥ ਸਾਹਿਬ ਵਿੱਚੋਂ ਮੈਂ ਆਖਰੀ ਸੁਆਸ ਤੱਕ ਕਰਦਾ ਰਹਾਂ।

ਤੇਰਾ ਬਣ ਕੇ ਜੀਵਾਂ। ਤੇਰਾ ਨਾਮ ਅੰਮ੍ਰਿਤ ਪੀਵਾਂ ਤੇ ਤੇਰੇ ਦਰਸ਼ਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਆਖਰੀ ਸੁਆਸ ਤੱਕ ਤੇਰੇ ਲੜ ਲੱਗ ਕੇ, ਤੇਰੀ ਲਿਵ ਵਿੱਚ ਜੁੜ ਕੇ ਕਰਦਾ-ਕਰਦਾ ਤੇਰੇ ਵਿੱਚ, ਜਦੋਂ ਤੂੰ ਉਮਰ ਖਤਮ ਕਰੇਂ, ਸਦੀਵੀ ਕਾਲ ਲਈ ਸਮਾ ਜਾਵਾਂ। ਮੈਂ ਗੁਰੂ ਦਾ ਸਿੱਖ ਰਹਾਂ, ਬਣ ਕੇ ਤੇਰੇ ਸਦਕੀ ਬਣਿਆ, ਇੰਝ ਤੇਰਾ ਹੋ ਕੇ ਜੀਵਾਂ, ਤੇਰਾ ਰਹਾਂ ਤੇ ਤੇਰੇ ਵਿਚ ਸਮਾ ਜਾਵਾਂ।

ਮੇਰੇ ਪਿਆਰੇ ਦਾਤਾਰ ਜੀਓ, ਤੁਸਾਂ ਅਪਾਰ ਬਖਸ਼ਿਸ਼ ਕਰਕੇ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਹੋਣ ਦਾ ਅਹਿਸਾਸ ਦਿੱਤਾ ਹੈ। ਇਸ ਤੇ ਮੈਨੂੰ ਇੰਝ ਦ੍ਰਿੜ ਕਰਵਾ ਦਿਓ ਕਿ ਮੈਂ ਤੇਰਾ ਤੇ ਸਿਰਫ ਤੇਰਾ ਹੀ ਹੋ ਜੀਵਾਂ। **ਹੋਰ ਕਿਧਰੇ ਝਾਕਣ ਦੀ ਬਿਰਤੀ ਤੋਂ ਪਰ੍ਹੇ ਕਰੋ ਜੀਓ। ਮੈਂ ਕਿਸੇ ਹੋਰ ਮਨੁੱਖ ਦਾ ਚੇਲਾ ਨਾਂਹ ਬਣਾਂ। ਕਿਸੇ ਹੋਰ ਦਾ ਸੇਵਕ ਨਾਂਹ ਬਣਾਂ। ਕਿਸੇ ਵੀ ਮਨੁੱਖ ਦੇ ਅੱਗੇ ਕੁਝ ਨਾਂਹ ਮੰਗਾਂ।** ਜੇ ਤੂੰ ਮੇਰਾ ਠਾਕੁਰ ਹੋਵੇਂ, ਤੂੰ ਮੇਰਾ ਮਾਲਕ ਹੋਵੇਂ, ਫਿਰ ਕਿਸੇ ਹੋਰ ਅੱਗੇ ਕੋਈ ਵਸਤੂ ਕਿਵੇਂ ਲੈਣ ਜਾਵਾਂ?

**ਮੇਰਾ ਰਿਜ਼ਕ ਵੀ ਤੂੰ, ਮੇਰਾ ਸਿਦਕ ਵੀ ਤੂੰ, ਮੇਰੀ ਆਸਾ ਵੀ ਤੂੰ, ਮੇਰੀ ਭੁੱਖ-ਪਿਆਸਾ ਵੀ ਤੂੰ, ਮੇਰੇ ਮਨ ਦਾ ਦਾਤਾ ਤੂੰ, ਮੇਰੇ ਨਾਮ ਦਾ ਦਾਤਾ ਤੂੰ, ਮੇਰੀ ਸ਼ਾਨ ਵੀ ਤੂੰ ਤੇ ਮੇਰੀ ਘਰ ਦੀਬਾਨ ਵੀ ਤੂੰ। ਜੇ ਤੂੰ ਹੀ ਮੇਰਾ ਤੂੰ ਹੈਂ; ਤੁਸੀਂ ਹੀ ਦੱਸੋ ਫੇਰ ਮੈਨੂੰ ਬਾਹਰੋਂ, ਹੋਰਨਾਂ ਤੋਂ, ਮਨੁੱਖਾਂ ਤੋਂ, "ਸਾਧਾ ਸੰਤਾਂ" ਤੋਂ, ਲੀਡਰਾਂ ਤੋਂ, ਧਨਾਢਾਂ ਤੋਂ,**



**ਅਫਸਰਾਂ ਤੋਂ, ਮੰਤਰੀਆਂ ਤੋਂ ਕਿਉਂ ਨਹੀਂ ਮੇਰਾ ਪੱਲਾ ਛੁਡਾਂਦੇ ਹੋ? ਮੈਨੂੰ ਕਿਸੇ ਅੱਗੇ ਨਾਂਹ ਭੇਜੋ - ਬਸ ਆਪਣੇ ਕੋਲ, ਆਪਣੇ ਭਰੋਸੇ ਵਿੱਚ ਆਪਣੇ ਜੋਗਾ ਰੱਖੋ!**

ਮੇਰੇ ਸਤਿਗੁਰ ਜੀਓ, ਮੈਨੂੰ ਓਹੀ ਜੀਵਨ ਦਾਤ ਦਿਓ, ਓਹੀ ਅੰਮ੍ਰਿਤ ਬਖਸ਼ੋ, ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰ ਸ਼ਬਦ, ਹਰ ਅੱਖਰ ਤੇ ਹਰ ਭਾਵ ਵਿਚ ਤੁਸੀਂ ਬਾਰ-ਬਾਰ ਅੰਕਿਤ ਕੀਤਾ, ਉਕਰ ਦਿੱਤਾ ਹੈ। ਤੁਸੀਂ **"ਬਹੁ ਬਿਧਿ ਕਹਿਓ ਪੁਕਾਰ ਪੁਕਾਰ"** ਤੇ ਮੈਂ ਸੁਣਦਾ ਨਹੀਂ, ਸਮਝਦਾ ਨਹੀਂ - ਜਦੋਂ ਸਮਝ ਲੈਂਦਾ ਹਾਂ ਤਾਂ ਕਰਦਾ ਨਹੀਂ, ਜਦੋਂ ਕਰਨ ਲਗਦਾ ਹਾਂ ਤਾਂ ਮਾਇਆ - ਹਉਮੈ - ਭਰਮ ਨੂੰ ਕੋਲ ਰੱਖ ਕੇ ਉਸੇ ਦੇ ਜਾਲ ਵਿੱਚ ਉਲਝ ਜਾਂਦਾ ਹਾਂ।

ਪਾਤਸ਼ਾਹ ਜੀਓ, ਇਤਨਾ ਨਿਰਮਲ ਅੰਮ੍ਰਿਤ ਦਾ ਖਜ਼ਾਨਾ ਤੁਸਾਂ ਸ਼ਬਦ ਗੁਰੂ ਬਣ ਬਖਸ਼ਿਆ ਤੇ ਮੈਂ ਹਾਲੇ ਵੀ ਪਿਆਸਿਆ ਤ੍ਰਾਸਿਆ ਭਟਕਦਾ ਫਿਰਦਾ ਹਾਂ। ਦਿਓ ਸ਼ਬਦ ਦਾ ਆਸਰਾ। ਦਿਓ ਸ਼ਬਦ ਦਾ ਬੁਝਣਾ ਤੇ ਸੋਝੀ। ਕੱਢ ਦਿਓ ਹਉਮੈਂ। ਕਰੋ ਨਾਮ ਦਾ ਪ੍ਰਕਾਸ਼। ਇਹੀ ਦਿਓ ਜੀਵਨ ਦਾਤ। ਬਸ ਤੇਰੇ ਨਾਮ ਨੂੰ ਪਾ ਕੇ ਮੈਂ ਸਿੱਖੀ ਦੇ ਰਾਹ ਤੋਂ ਸਚਿਆਰ ਹੋ ਜਾਵਾਂ - ਨਿਰਮਲ ਕਰਮ ਵਾਲਾ ਤੇਰਾ ਸੱਚੇ-ਸੁੱਚੇ ਜੀਵਨ ਵਾਲਾ ਸਹੀ ਸਿੱਖ ਹੋ ਜਾਵਾਂ। ਕੇਵਲ ਨਾਮਧ੍ਰੀਕ ਨਾਂਹ ਰਹਾਂ। ਤੇਰੇ ਬਾਣੇ, ਤੇਰੇ ਤਥਾਕਥਿਤ ਸਿੱਖ ਤੋਂ ਤੇਰੀ ਸਿੱਖ - ਮੱਤ ਲੈ ਕੇ ਸਿੱਖੀ ਦੀ ਕਮਾਈ ਵਾਲਾ ਸਿੱਖ ਹੋ ਜਾਂਵਾ।

ਮੇਰੇ ਨਿਰੰਕਾਰ ਜੀਓ, ਮੇਰੇ ਪਿਆਰੇ ਦਾਤਾਰ ਜੀਓ! ਹੁਣ ਆਪਣਾ ਕਹਾ ਲਿਆ ਜੇ। ਬਸ ਆਪਣਾ ਬਣਾ ਲਵੋ। ਅੰਮ੍ਰਿਤ ਵੇਲਾ, ਸਚ ਨਾਉ, ਵਡਿਆਈ ਵੀਚਾਰ ਨਾਲ ਭਰ ਕੇ ਸੱਚੀ-ਮੁੱਚੀ ਦਾ, ਵਿਚਹੁ 'ਆਪ' ਕੱਢਿਆ, ਤੈਨੂੰ ਸਿਰ ਸਉਪਿਆ ਤੇਰਾ ਅੰਮ੍ਰਿਤਧਾਰੀ ਸਿੱਖ ਹੋ ਜਾਵਾਂ। ਹਾਲੇ ਮੈਂ ਸਿੱਖ ਵੋਟਰ ਹਾਂ। ਮੈਨੂੰ ਸਿੱਖ ਬਣਾ ਦਿਓ।

**ਤੇਰੇ ਪਿਆਰ ਵਿੱਚ ਭਿੱਜਿਆ**

**ਤੇਰਾ ਕਹਿਲਾਂਦਾ - ਵਿਗੜਿਆ ਤਿਗੜਿਆ ਅਪਰਾਧੀ,**

**ਤੇਰਾ: ਬ੍ਰਿਜਪਾਲ ਸਿੰਘ**

# ਚਿੱਠੀ ਲਿਖੀ ਆਪਣੇ ਆਪ ਨੂੰ

ੴ ਸਤਿਗੁਰ ਪ੍ਰਸਾਦਿ

ਮੇਰੇ ਪਿਆਰੇ ਬ੍ਰਿਜਪਾਲ ਜੀ, ਗੁਰੂ ਕੇ ਲਾਲ ਜੀ,

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।**

ਮੈਂ ਆਪ ਬ੍ਰਿਜਪਾਲ ਸਿੰਘ ਤੁਹਾਨੂੰ "ਗੁਰੂ ਕੇ ਲਾਲ ਜੀ" ਕਹਿ ਕੇ, ਸਮਝ ਕੇ, ਆਪਣੇ ਆਪ ਨੂੰ ਚਿੱਠੀ ਲਿਖ ਰਿਹਾ ਹਾਂ। ਹੈਰਾਨੀ ਵੀ ਹੋ ਰਹੀ ਹੋਵੇਗੀ ਤੇ ਸ਼ਰਮ ਵੀ ਆ ਰਹੀ ਹੋਵੇਗੀ।

ਪਹਿਲੀ ਗੱਲ ਸ਼ਰਮ ਵਾਲੀ ਹੀ ਕਰੀਏ। ਸ਼ਰਮ ਤੇ ਗਿਲਾਨੀ ਤਦੇ ਆ ਰਹੀ ਹੈ ਨਾਂ, ਮੇਰੇ ਅੰਤਰਕਰਣ ਜੀਓ, ਕੀ ਤੁਸੀਂ ਸੱਚਮੁੱਚ "ਗੁਰੂ ਕੇ ਲਾਲ" ਹੋ ਵੀ " ਕਹਿ ਦੇਣਾ ਬਹੁਤ ਸੌਖਾ, ਪਰ ਗੁਰੂ ਕੇ ਲਾਲ ਬਣ ਕੇ ਜੀਣਾ ਬਹੁਤ ਹੀ ਔਖਾ ! ਹੈ ਨਾ ? ਆਇਆ ਕੁਝ ਯਾਦ ? ਗੁਰੂ ਕੇ ਲਾਲ ਤਾਂ 1704 ਵਿੱਚ, ਤਿੰਨ ਸੌ ਸਾਲ ਪਹਿਲਾਂ, ਆਨੰਦਪੁਰ ਦੇ ਕਿਲੇ ਵਿੱਚ ਸਰਦੀ ਦੇ ਦਿਨਾਂ ਵਿੱਚ ਧੰਨ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਦਾਦੀ ਮਾਤਾ ਗੁਜਰੀ ਜੀ ਦੀ ਦ੍ਰਿੜ੍ਹ ਕਰਵਾਈ ਸਿੱਖਿਆ ਅਨੁਸਾਰ ਮੁਗਲ ਸੈਨਾ ਤੇ ਪਹਾੜੀ ਰਾਜਿਆਂ ਦੀ ਸਾਂਝੀ ਸੈਨਾ ਨਾਲ ਜੂਝਣ ਲਈ ਤਿਆਰ ਖੜੇ ਸਨ! ਗੁਰੂ ਤੋਂ ਹਟਣ ਜਾਂ ਭੱਜਣ ਦਾ ਵੀ ਨਹੀਂ ਸੋਚਿਆ। ਬੇਦਾਵਾ ਵੀ ਨਹੀਂ ਦਿੱਤਾ। ਗੁਰੂ ਕੇ ਲਾਲ ਤਾਂ ਗੁਰੂ ਦੇ ਸਿੱਖ ਬਣਨ ਦਾ ਯਤਨ ਕਰ ਰਹੇ ਸਨ।



ਅਸੀਂ ਸਿੱਖਾਂ ਦੇ ਪੁੱਤ ਬਣ ਕੇ ਜੰਮੇ। ਫਿਰ ਸਿੱਖੀ ਦਾ ਹਲਫਨਾਮਾ ਲਿਆ, ਜਦ ਅੰਮ੍ਰਿਤ ਛੱਕਿਆ। ਬ੍ਰਿਜਪਾਲ ਜੀਓ, ਫਿਰ ਸੋਚੋ ! ਫਿਰ ਵਿਚਾਰੋ। ਕਿ ਕਰਮ ਕਰਕੇ, ਕੀ ਤੁਸੀਂ ਗੁਰੂ ਕੇ ਲਾਲ ਹੋ ? ਮੈਂ ਹੀ ਦੱਸ ਦੇਂਦਾ ਹਾਂ; ਕਿਉਂਕਿ ਤੁਹਾਨੂੰ "ਗੁਰੂ ਕੇ ਲਾਲ" ਸੁਣ ਕੇ ਸ਼ਰਮ ਤੇ ਹੀਣਤਾ ਦੀ ਭਾਵਨਾ ਆਉਂਦੀ ਹੈ, ਇਹ ਇਸ ਕਰਕੇ ਹੈ ਕਿ ਤੁਸੀਂ ਅਸਲੋਂ ਗੁਰੂ ਕੇ ਲਾਲ ਹੈ ਨਹੀਂ। ਬਸ, **"ਬਾਹਰ ਚਿਟਵੀਆਹ"** ਤੇ **"ਮਨਹੁ ਕੁਸੁੱਧ ਕਾਲੀਆ"**॥

ਮੇਰੀ ਚਿੱਠੀ ਦੀ ਹੈਰਾਨੀ ਵੀ ਹੋ ਰਹੀ ਹੈ? ਭਲਾ, ਆਪਣੇ ਆਪ ਨੂੰ ਵੀ ਕੋਈ ਚਿੱਠੀ ਲਿਖਦਾ ਹੈ ? ਪਰ ਹੈਰਾਨੀ ਕਾਹਦੀ ! ਮੇਰੇ ਸਤਿਗੁਰਾਂ ਨੇ ਸਦਾ ਆਪਣੇ ਆਪ ਨਾਲ ਗੱਲਾਂ ਕੀਤੀਆਂ। ਆਪੇ ਪ੍ਰਸ਼ਨ ਕੀਤੇ। ਆਪ ਉੱਤਰ ਦਿੱਤੇ, ਇਤਨੇ ਪਿਆਰ ਨਾਲ, ਨਿਰੰਕਾਰ ਨਾਲ ਭਿੱਜ ਕੇ ਪ੍ਰਸ਼ਨ ਕੀਤੇ। ਇਤਨੇ ਡੂੰਘੇ ਤੇ ਆਧਾਰਮੂਲ ਗਿਆਨ ਦੇ ਉਤਰ ਦਿੱਤੇ। ਫਿਰ ਲਿਖ ਦਿੱਤੇ। ਕਿਤਾਬ ਬਣ ਗਈ। ਸਿੱਧਾਂ ਨੇ ਇਹੀ ਕਿਤਾਬ ਖੋਲ੍ਹ ਕੇ ਵਿਚੋਂ ਉਤਰ ਮੰਗਿਆ ਕਿ "ਹਿੰਦੂ ਵੱਡਾ ਕਿ ਮੁਸਲਮਾਨੋਈ" ?

ਗੁਰੂ ਨਾਨਕ ਨੇ "ਜਪੁ" ਬਾਣੀ ਦੀ ਪਹਿਲੀ ਪਉੜੀ ਵਿੱਚ ਹੀ ਅਤਿ ਪਿਆਰਾ ਪ੍ਰਸ਼ਨ ਆਪਣੇ ਆਪ ਨਾਲ ਕੀਤਾ, **"ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ"**? ਉਤਰ ਵੀ ਨਾਲ ਹੀ ਲਿਖ ਦਿੱਤਾ। ਗੁਰੂ ਅਮਰਦਾਸ ਜੀ ਨੇ ਅਨੰਦ ਬਾਣੀ ਵਿੱਚ ਬੜੀ ਵਾਰ ਆਪਣੇ ਮਨ ਨਾਲ ਗੱਲਾਂ ਕੀਤੀਆਂ ਹਨ। **"ਏ ਮਨ ਮੇਰਿਆ"**, ਕਹਿ ਕੇ ਕਈ ਵਾਰ ਪੁੱਛਿਆ ਹੈ ਤੇ ਕਈ ਵਾਰ ਦੱਸਿਆ ਹੈ। ਕਿੱਧਰੇ **"ਏ ਮਨ ਪਿਆਰਿਆ"**, ਕਿੱਧਰੇ, "ਇਹ ਸਰੀਰਾ ਮੇਰਿਆ" ਕਰਕੇ ਵਾਜਾਂ ਮਾਰੀਆਂ ਹਨ। ਕਿੱਧਰੇ "ਰਸਨਾਂ" ਨੂੰ ਸਮਝਾ ਰਹੇ ਹਨ ਤੇ ਕਿੱਧਰੇ ਕੰਨਾਂ ਤੇ ਅੱਖਾਂ ਨਾਲ ਗੱਲਾਂ ਕਰ ਰਹੇ ਹਨ। ਸੋ ਆਪਣੇ ਆਪ ਨਾਲ ਗੱਲਾਂ ਕਰਨੀਆਂ, ਚਿੱਠੀ ਲਿਖਣੀ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ।

ਹਾਂ, ਹੈਰਾਨੀ ਤੇ ਪਰੇਸ਼ਾਨੀ ਵਾਲੀ ਗੱਲ ਤਾਂ ਇਹ ਹੈ ਕਿ ਹੁਣ ਤੱਕ ਮੈਂ ਚੁੱਪ ਕਿਉਂ ਰਿਹਾ? ਮੈਂ ਆਪ ਤੇਰੇ ਨਾਲ ਤੇਰਾ ਬਣ ਕੇ ਤੈਨੂੰ ਹੁਣ ਤੱਕ ਪੁੱਛਿਆ ਦੱਸਿਆ ਕਿਉਂ ਨਹੀਂ ? ਇਹ ਪਹਿਲੀ ਚਿੱਠੀ ਤੈਨੂੰ ਲਿਖਣ ਵਿੱਚ ਮੈਨੂੰ 65/67 ਸਾਲ ਲੱਗ ਚੁੱਕੇ ਹਨ ! ਚਲੋ, ਪਿਛਲੀ ਚੁੱਪੀ ਮਾਫ ! ਆਉ ਆਪਸ ਵਿੱਚ ਕੁਝ ਸੁਣੀਏ ਕਹੀਏ। ਆਪਣੇ ਆਪੇ ਨਾਲ ਬੋਲਣਾ ਤੇ ਆਪਣੇ ਆਪੇ ਦੀ ਚਿੱਠੀ ਪ੍ਰਾਪਤ ਕਰਨਾ ਤਾਂ ਸੁਭਾਵਕ ਹੋਣਾ ਚਾਹੀਦਾ ਸੀ। ਇਹਦੀ ਅਣਹੋਂਦ ਕਾਰਨ ਤੂੰ ਦੂਜਿਆਂ ਨਾਲ ਤਾਂ ਉਲਝਦਾ ਰਿਹਾ, ਜੂਝਦਾ ਰਿਹਾ: ਕਦੇ ਵੱਡਾ ਦਾਨ ਸ਼ਮੰਦ ਬਣ ਕੇ, ਕਦੇ ਵੱਡਾ ਸਿਆਣਾ ਪ੍ਰਚਾਰਕ ਬਣ ਕੇ ਤੇ ਕਦੇ ਲੀਡਰ ਬਣ ਕੇ ਕਦੇ ਸਿੱਖੀ ਦਾ ਇਕ ਨਿਰੋਲ ਚਿੰਤਕ ਬਣ ਕੇ । ਕੀ ਕਦੇ ਸਿੱਖ ਬਣ ਕੇ, ਆਪਣੇ ਆਪ ਨਾਲ, ਜਾਂ ਗੁਰਮੁਖ ਬਣ ਕੇ ਆਪਣੇ ਆਪ ਨਾਲ ਵੀ ਕਦੀ ਜੂਝਿਆ ਹੈਂ? ਕਦੇ ਆਪਣੇ ਆਪ ਨਾਲ, ਆਪਣੇ ਮਨ ਨਾਲ ਲੁੱਝਿਆ ਹੈ? ਚੱਲ ਛੱਡ ਆਪਣੀ ਸ਼ਰਮਿੰਦਗੀ ! ਹੁਣ ਤੋਂ ਸ਼ੁਰੂ ਹੋ ਜਾਈਏ।

ਮੇਰੇ ਬ੍ਰਿਜਪਾਲ ਜੀ, ਗੁਰੂ ਕੇ ਲਾਲ ਜੀ! ਪਹਿਲਾਂ ਤਾਂ ਇਹ ਦੱਸੋ ਕਿ ਆਪਣਾ ਅਵੇਸਲਾਪਨ ਤੇ ਆਲਸ ਕਦੋਂ ਛੱਡੋਗੇ ? **"ਪ੍ਰਭ ਮਿਲਬੇ ਕੀ ਲਾਲਸਾ"** ਤੇ ਫਿਰ ਆਲਸ ਤੇ ਦੁਚਿੱਤੀ ਕਿਉਂ ? ਕਦੇ ਅੰਮ੍ਰਿਤ ਵੇਲੇ ਉੱਠਣ ਦਾ ਆਲਸ, ਕਦੇ ਅੰਮ੍ਰਿਤ ਛੱਕਣ ਦਾ ਆਲਸ, ਕਦੇ ਪਾਠ-ਨਿਤਨੇਮ ਕਰਨ ਦਾ ਆਲਸ, ਕਦੇ ਗੁਰਚਰਨੀਂ ਲੱਗਣ ਦਾ ਆਲਸ ਤੇ ਕਦੇ ਗੁਰਚਰਨਾਂ ਵਿੱਚ ਬੈਠਣ ਦਾ ਆਲਸ, ਕਦੇ ਸੱਚ ਬੋਲਣ ਦਾ ਤੌਖਲਾ ਤੇ ਧਰਮ ਦੀ ਕਿਰਤ ਕਰਨ ਦਾ, ਕਦੇ ਨਾਮ ਜਪਣ ਦਾ ਆਲਸ ਤੇ ਕਦੇ ਸੱਚਾ-ਸਿੱਖ ਬਣਨ ਦਾ ਆਲਸ।

ਓਏ ਬੇਸ਼ਰਮ, 65/67 ਸਾਲ ਤੱਕ ਹਾਲੇ ਵੀ ਸੱਚਾ-ਸਿੱਖ ਬਣਨ ਦਾ ਕਾਰਜ ਅੱਗੇ ਹੀ ਪਾਉਂਦਾ ਰਹੇਂਗਾ। ਸੁਣ ਤੇਰੇ ਪੁੱਤਰ, ਪੋਤਰੇ, ਧੀਆਂ, ਦੋਹਤਰੇ ਤਾਂ ਜ਼ਿੰਦਗੀ ਕਾਰ-ਵਿਹਾਰ ਵਿੱਚ ਲੱਗ ਪਏ, ਹੁਣ ਤੂੰ ਸਿੱਖੀ ਵੱਲ ਕਦ ਲੱਗੇਂਗਾ ? ਜੋ



ਚੰਗਾ ਹੈ, ਜੋ ਗੁਰੂ ਦਾ ਕਾਰਜ ਹੈ, ਉਹ ਕਰ ! ਹੁਣੇ ਕਰ। **"ਮਤ ਕਿ ਜਾਪੈ ਸਾਹੁ ਆਵੈ ਕਿ ਨਾ ਆਵੈ ਰਾਮ"**। ਤੂੰ ਤਾਂ ਸਾਲ, ਦਹਾਕੇ, ਉਮਰਾਂ ਲੰਘਾ ਦਿੱਤੀਆਂ।

ਮੂਰਖ ਮਨ, ਗੁਰੂ ਕੋਲੋਂ ਰੋਜ਼ ਲਿਲਕੜੀਆਂ ਲੈ ਕੇ ਆਪਣੀ ਅਕਲ, ਸਿਹਤ, ਰੋਟੀ-ਪਾਣੀ-ਕੱਪੜਾ-ਮਕਾਨ-ਟ੍ਰਾਂਸਪੋਰਟ ਤੇ ਰਿਸ਼ਤੇਦਾਰ ਦਾ ਸੁੱਖ ਤਾਂ ਮੰਗਦਾ ਹੈਂ; ਕਦੇ ਸਿੱਖੀ ਮੰਗੀ ਹੈ ? ਕਦੇ ਸ਼ਹੀਦੀ ਮੰਗੀ ਹੈ, ਆਪਣੇ ਵਾਸਤੇ ? ਕਦੇ ਆਪਣੇ ਬੱਚਿਆਂ ਵਾਸਤੇ ਇਹ ਕੁਝ ਮੰਗਿਆ ਹੈ ? ਓਏ, ਯਰਕਦਾ ਕਿਉਂ ਹੈ ? ਛੱਡ ਦੁਚਿੱਤੀ ! ਪਰਗਟ ਹੋ ਕੇ ਨੱਚੋ ! ਕਹੋ ਮਾਣ ਨਾਲ ਮੈਂ ਗੁਰਸਿੱਖ ਬਣਨਾ ਹੈ; ਦਾਤਾ ਸ਼ਕਤੀ, ਪ੍ਰੇਰਨਾਂ ਤੇ ਲਾਜ-ਰਹਿਤ ਹੋਣ ਦਾ ਹੌਂਸਲਾ ਦੇਵੇਗਾ। ਭੋਲਿਆ ਗੁਰੂ ਤੋਂ ਮੰਗ ਕੇ ਤਾਂ ਵੇਖ । ਤੂੰ ਤਾਂ ਹੀਰਿਆਂ ਦੀ ਦੁਕਾਨ ਵਿੱਚ ਵੜਿਆ; ਪਰ ਗੋਬਰ ਤੇ ਵਿਸ਼ਟਾ ਦੀ ਭਾਲ ਵਿਚ ਐਨੇ ਸਾਲ ਗੁਆ ਦਿੱਤੇ। ਚਲ, ਛੱਡ ਪ੍ਰੇਸ਼ਾਨੀ - ਹੁਣ ਸ਼ੁਰੂ ਹੋ ਜਾ। ਬਾਬੇ ਬੰਦੇ ਬਹਾਦਰ ਦੇ ਨਾਲ ਵਾਲੇ ਨੌਜਵਾਨ ਬੱਚੇ ਵਾਂਗ, ਮੌਕਾ ਆਣ ਤੇ ਦੱਸ ਕੀ ਮੰਗੇਂਗਾ-ਗੁਰਸਿੱਖੀ ਕਿ ਮਾਂ-ਪਿਉ-ਪੁੱਤਰ-ਪੋਤਰੇ ?

ਬੇ- ਅਕਲ, ਬ੍ਰਿਜਪਾਲ ਜੀ, ਇਤਿਹਾਸ ਅਕਲ ਲੈਣ ਲਈ ਹੈ- ਲੈਕਚਰ ਦੇਣ ਲਈ ਤੇ ਸਿਰਫ ਲੇਖ ਲਿਖਣ ਲਈ ਨਹੀਂ ਤੂੰ ਕਦ ਤੱਕ ਚਲਾਂਦਾ ਫਿਰੇਂਗਾ।

ਮੇਰੇ ਬ੍ਰਿਜਪਾਲ ਜੀ, ਹੁਣ ਤਾਂ ਬੜੀ ਦੇਰ ਹੋ ਗਈ ਹੈ- ਉਮਰ ਦੇ 65/67ਵੇਂ ਸਾਲ ਹੀ ਸਹੀ, ਪਰ ਹੁਣ ਤਾਂ ਬਣ ਜਾਓ, ਗੁਰੂ ਕੇ ਲਾਲ ਜੀ। ਮਿਥਿਆ ਜੀਵਨ ਦੀਆਂ ਮਿਥਿਆ ਮਾਣ ਕਰਕੇ ਹੁਣ ਤੱਕ ਬਥੇਰੀਆਂ ਫੂਕਾਂ ਛੱਕ ਲਈਆਂ - ਕੁਝ ਆਪਣੇ ਅੰਦਰ ਆਪ ਸੋਚ ਕੇ, ਆਪਣੇ ਹੀ ਕੰਨਾਂ ਨੂੰ ਆਪ ਸੁਣਾ ਕੇ ਅਤੇ ਕੁਝ ਆਪਣੇ ਰਿਸ਼ਤੇਦਾਰਾਂ, ਮਿੱਤਰਾਂ ਦੀਆਂ ਟੋਲੀਆਂ ਵਿੱਚ ਬਹਿ ਕੇ। ਹੁਣ ਲਾਹ ਛੱਡ ਮੈਲ ਦੀ ਇਹ ਪੰਡ ਤੇ ਬਣ ਜਾ ਗੁਰੂ ਦਾ। ਕੇਵਲ ਗੁਰੂ ਦਾ ਤੇ ਕੇਵਲ ਗੁਰੂ ਦਾ। ਸੁੱਟ ਪਰ੍ਹੇ ਉਪਮਾ ਦੀ ਪੋਟਲੀ। ਗੁਰੂ ਦਾ ਮਨ ਕਰਕੇ ਨਹੀਂ ਬਣਨਾ ਹੈ। ਗੁਰੂ ਦੀ ਸੇਵਾ ਵਿੱਚ

ਜੁਟਣਾ ਹੈ।

ਗੁਰੂ ਦਾ ਬਣਨਾ ਹਾਲੇ ਤੱਕ ਤੂੰ ਸਿਰਫ ਆਪਣਾ ਟਾਈਟਲ, ਆਪਣੀ ਵੋਟ ਤੇ ਆਪਣਾ ਰਾਸ਼ਨ ਕਾਰਡ ਹੀ ਬਣਾ ਕੇ ਰੱਖਿਆ ਹੈ। ਇਸ ਉਜਲੇ ਦਿਸਦੇ ਕੈਂਹ ਦੇ ਕਟੋਰੇ ਨੂੰ ਜ਼ਰਾ ਘੋਟ ਕੇ ਵੇਖ ਤੇ ਸਹੀ, ਕਿਤਨੀ **"ਕਾਲੜੀ ਮੱਸ"** ਨਿਕਲਦੀ ਹੈ; ਤਾਂ ਹੀ ਪਤਾ ਚੱਲੇਗਾ। ਗੁਰੂ ਦਾ ਬਣਨਾ ਗੁਰੂ ਦਾ ਹੁਕਮ ਮੰਨਣਾ ਹੈ। **"ਗੁਰਸਿਖ ਮੀਤ ਚਲਹੁ ਗੁਰ ਚਾਲੀ"**। ਗੁਰੂ ਦੇ ਦੱਸੇ ਰਾਹ ਤੇ ਚੱਲਣਾ ਹੈ। ਭੋਲਿਆ-ਗੋਲਿਆ, ਰੋਜ਼ ਰਾਤੀਂ ਸੌਣ ਲੱਗਿਆਂ ਲੇਖਾ ਤਾਂ ਕਰਿਆ ਕਰ, ਕਿ ਅੱਜ ਦੇ ਦਿਨ ਕਿਤਨੇ ਕਾਰਜ ਗੁਰੂ ਦੇ ਕਹੇ ਅਨੁਸਾਰ ਕੀਤੇ ਤੇ ਕਿਤਨੇ ਬ੍ਰਿਜਪਾਲ ਦੇ ਕੋਹੜੀ ਮਨ ਦੇ ਕਹੇ ਤੇ ਕੀਤੇ ?

ਇਹ ਗੁਰੂ ਨਾਲ ਹੋਣਾ, ਸਿਰਫ ਗੁਰਦੁਆਰੇ ਜਾ ਕੇ ਮੱਥਾ ਟੇਕਣ ਵੇਲੇ ਹੀ ਨਹੀਂ ਹੁੰਦਾ ! ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਵਿੱਚ ਸਿਰਫ ਹਾਜ਼ਰ ਹੋਣ ਨਾਲ ਹੀ ਨਹੀਂ ਹੁੰਦਾ। ਗੁਰੂ ਦਰਬਾਰ ਵਿੱਚ ਸਰੀਰ ਹਾਜ਼ਰ ਹੋਵੇ ਤੇ ਮਨ ਕਾਰ- ਵਿਹਾਰ ਵਿੱਚ, ਕਿਸੇ ਫਿਕਰ ਵਿੱਚ, ਜਾਂ ਕਿਸੇ ਭਵਿੱਖ ਦੀ ਵਿਉਂਤਬੰਦੀ ਵਿੱਚ ਹੋਵੇ- ਤਾਂ ਗੁਰੂ ਤੋਂ ਪਰ੍ਹੇ ਹੋਣਾ ਹੈ। ਸਰੀਰ ਗੁਰੂ ਕੋਲ ਤੇ ਮਨ ਅਨੇਕ-ਦਿਸ਼ਾਂ ਦੇ ਭ੍ਰਮਣ ਵਿੱਚ ਹੋਵੇ, ਉਹ ਹਾਜ਼ਰ ਵੀ ਗੈਰ-ਹਾਜ਼ਰ ਗਿਣੇ ਜਾਂਦੇ ਹਨ।

ਓਏ ਬ੍ਰਿਜਪਾਲਿਆ, ਬੱਚਿਆਂ ਨੂੰ ਤਾਂ ਬੜੇ ਪਿਆਰ ਨਾਲ ਸੁਲਤਾਨਪੁਰ ਲੋਧੀ ਦੀ ਗੁਰੂ ਨਾਨਕ ਦੀ ਸਾਖੀ ਸੁਣਾਉਂਦਾ ਹੈਂ ਕਿ ਕਾਜ਼ੀ-ਮੁੱਲਾਂ ਦੀ ਨਿਮਾਜ਼ ਤੋਂ ਵੱਖ ਹੋ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਪਿਆਰ ਭਰੀ ਫਿਟਕਾਰ ਦਿੱਤੀ ਤੇ ਉਹ ਸ਼ਰਮਸਾਰ ਹੋ ਗਏ। ਓਏ, ਤੂੰ ਤਾਂ ਰੋਜ਼ ਪਾਠ ਕਰਦੇ ਮਨ ਕਰਕੇ ਗੈਰ-ਹਾਜ਼ਰ ਹੁੰਦਾ ਹੈ ? ਉਹ ਸੱਚਾ ਗੁਰੂ ਤੈਨੂੰ ਰੋਜ਼ ਫਿਟਕਾਰ ਪਾਂਦਾ ਹੈ ਤੇ ਤੂੰ ਏਡਾ ਬੇਸ਼ਰਮ, ਹਾਏ-ਹਾਏ ਏਡਾ ਬੇਸ਼ਰਮ, ਰੋਜ਼ ਫਿਰ ਢੀਠ ਦਾ ਢੀਠ। ਉਵੇਂ ਗੁਰਦੁਆਰੇ ਬੈਠਦਾ ਹੈ; ਉਵੇਂ ਹੀ ਪਾਠ ਕਰਦਾ ਹੈਂ। "ਮਨ ਕਰ ਕਬਹੂ ਨ ਹਰਿ ਗੁਨ ਗਾਇਓ"॥ ਬੈਠਾ ਗੁਰੂ ਕੋਲੇ, ਤੇ ਵਿਸ਼ਿਆਂ ਦੀ



ਜ਼ਹਿਰ ਖੁਆਏਗਾ ਤਾਂ ਜ਼ਹਿਰ ਹੀ ਚੜ੍ਹੇਗਾ। ਅਰਦਾਸ ਤਾਂ ਕਰ ! "ਗੁਰੂ ਜੀ ਮੇਰੇ ਮਨ ਨੂੰ ਬਾਣੀ ਦੇ ਭਾਵ ਵਿੱਚ, ਬਾਣੀ ਦੇ ਜੀਵਨ ਵਿੱਚ ਲਾਵੋ"! ਤੂੰ ਤਾਂ ਕੇਵਲ ਰਟਨ - ਰਟਨ ਤੇ ਫਟਨ - ਫਟਨ ਬਾਣੀ ਦਾ ਪਾਠ ਕਰਕੇ ਗੁਰੂ ਤੋਂ ਪੁੱਤਰ ਦਾ ਪਾਸ ਹੋਣਾ, ਤਰੱਕੀ ਹੋਣੀ ਤੇ ਰਿਸ਼ਤੇ ਨਾਤੇ ਵਧੀਆ ਹੋਣੇ ਮੰਗ ਕੇ ਬਹਿ ਜਾਂਦਾ ਹੈਂ? ਲਾਲ ਜੀ, ਰੋਵੋ, ਗੁਰੂ ਕੋਲ ਬੈਠ ਕੇ ਅੰਦਰੋਂ ਰੋ - ਰੋ ਕੇ ਪਹਿਲੇ ਬਾਣੀ ਸਹੀ ਪੜ੍ਹਨੀ ਮੰਗੋ। ਫਿਰ ਕੁਝ ਹੋਰ ਮੰਗਣ ਦੇ ਯੋਗ ਹੋਵੋਗੇ !

ਗੁਰੂ ਨਾਲ ਮਨ ਲਾਣਾ, ਬਾਣੀ ਨਾਲ ਗੁਰਦੁਆਰੇ ਜਾ ਕੇ, ਚੰਗੀ ਸੰਗਤ ਵਿੱਚ ਬੈਠ ਕੇ ਮਨ ਲਾਣਾ, ਸਿਰਫ ਸਵੇਰ ਦੀ ਜਾਂ ਸ਼ਾਮ ਦੀ ਕਿਰਿਆ ਹੀ ਨਹੀਂ। ਇਕ ਵਾਰ ਜਾ ਆਇਆ, ਪ੍ਰਸ਼ਾਦ ਕਰਾ ਆਇਆ, ਪ੍ਰਕਰਮਾ ਕਰ ਆਇਆ, ਵਾਕ ਦੀਆਂ ਦੋ ਤੁਕਾਂ, ਜਾਂ ਪਾਠ ਕੀਰਤਨ ਦੀਆਂ ਤੁਕਾਂ ਸੁਣ ਆਇਆ- ਸਿੱਖ ਲਈ ਇਹੋ ਹੀ ਕਾਫੀ ਨਹੀਂ। ਇਹ ਤਾਂ ਹਾਲੇ ਪ੍ਰੀ-ਨਰਸਰੀ ਦੀ ਕੱਚੀ ਕਲਾਸ ਹੈ।

ਓਏ 67 ਸਾਲ ਦੇ ਬਾਬਿਆ, ਪਿਛਲੇ 6 ਦਹਾਕਿਆਂ ਤੋਂ, ਹਾਏ ਪੂਰੇ 60 ਸਾਲ ਤੋਂ, ਕੱਚੀ ਕਲਾਸ ਵਿੱਚ ਬੈਠਦਿਆਂ ਤੈਨੂੰ ਬੇਹਯਾਈ ਵੀ ਨਹੀਂ ਲੱਗਦੀ। ਓਏ, ਇਹ ਨਾਂਹ ਵੇਖ ਕਿ ਹੋਰ ਵੀ ਲੋਕੀਂ ਵੀਹ ਸਾਲ ਤੇ ਤੀਹ-ਚਾਲੀ ਸਾਲ ਤੋਂ ਉੱਥੇ ਹੀ ਬੈਠੇ ਨੇ। ਉਹ ਵੀ ਮਰਨਗੇ ਇਸੇ ਕਲਾਸ ਵਿੱਚ ਜਿਵੇਂ ਤੂੰ ਮਰਦਾ ਪਿਆ ਹੈਂ 60 ਸਾਲ ਤੋਂ !

ਸਵਾਲ ਇਹ ਹੈ ਕਿ ਹੁਣੇ ਹੀ, ਜਿੱਥੇ ਵੀ ਹੈ, ਕਦਮ ਅੱਗੇ ਵੱਲ ਪੁੱਟੋ। **"ਅਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨਾ ਮੁਹਡੜਾ"** । ਸਿਰਫ ਗੁਰਦੁਆਰੇ ਜੋਗੀ ਸਿੱਖੀ ਨਹੀਂ ਹੈ। ਸਿੱਖੀ ਸਦਾ ਦਾ ਜੀਵਨ ਹੈ। **"ਏ ਮਨ ਪਿਆਰਿਆ ਤੂੰ ਸਦਾ ਰਹੁ ਹਰਿ ਨਾਲੇ"**। ਗੁਰੂ ਜੀ ਬਾਰ-ਬਾਰ ਪਿਆਰ ਨਾਲ ਚੱਪਤ ਲਾ ਕੇ ਕਹਿੰਦੇ ਨੇ, ਆਪਣੀ ਮੋਹਰ ਲਾ ਕੇ, ਦੁਹਰਾ ਕੇ ਕਹਿੰਦੇ ਹਨ, **"ਕਹੈ ਨਾਨਕੁ ਮਨ ਮੇਰੇ ਸਦਾ ਰਹੁ ਹਰਿ ਨਾਲੇ॥ "ਕਹੈ ਨਾਨਕ ਮਨ ਪਿਆਰੇ ਤੂੰ ਸਦਾ ਸਚੁ ਸਮਾਲੇ"॥**

ਕਮਲਿਆ, ਇਹ ਤੂੰ ਕਿੱਥੋਂ ਸਿਖਿਐ ਕਿ ਗੁਰਦੁਆਰੇ ਵਿੱਚ ਸੱਚਾ ਸੁੱਚਾ ; ਪਰ ਦੁਕਾਨ ਉੱਤੇ, ਦਫਤਰ ਵਿੱਚ, ਪੜ੍ਹਣ ਵਿੱਚ, ਪੜਾਣ ਵਿੱਚ ਝੂਠਾ। **"ਗੁਰੂ ਮੇਰੈ ਸੰਗਿ ਸਦਾ ਹੈ ਨਾਲੇ"**, ਬੋਲਦਾ ਹੈ ਨਾਂਹ ? ਹਨੇਰੇ ਵਿੱਚ, ਔਕੜ ਵਿੱਚ, ਡਰ ਵਿੱਚ, ਬਿਮਾਰੀ ਵਿੱਚ ਬੋਲਦਾ ਹੈ ਨਾਂਹ, **"ਗੁਰੂ ਮੇਰੈ ਸੰਗਿ ਸਦਾ ਹੈ ਨਾਲੇ"**! ਓਏ ਸਿਰ ਹਿਲਾ ਕੇ "ਹਾਂ' ਤੇ ਕਰ, ਕੀ ਬੋਲਦਾ ਹੈਂ ; ਮੰਨਦਾ ਹੈਂ? ਫਿਰ ਪਰਿਵਾਰ ਵਿੱਚ ਲੜ੍ਹਨ ਲੱਗਿਆਂ ਤੇ ਧੱਕਣ ਲੱਗਿਆਂ ("ਸੁਆਦੀ ਨਹੀਂ", ਮਿਰਚ ਮਸਾਲਾ ਜ਼ਿਆਦਾ ਪਾ ਸੁੱਟਿਆ" ਜਾਂ "ਘੱਟ ਪਾਇਆ ਮਸਾਲਾ, ਬੇ-ਸੁਆਦਾ ਮਸਾਲਾ"), ਤੱਕੜੀ, ਗਜ਼ ਤੇ ਮੀਟਰ ਨਾਲ ਤੋਲਦਿਆਂ, ਮਿਣਦਿਆਂ, ਝੂਠ ਬੋਲਦਿਆਂ ("ਘਰ ਵੀ ਇੰਨੇ ਪੈਸੇ ਨਹੀਂ ਪੈਂਦੇ"), ਉਹ ਤੇਰਾ ਗੁਰੂ ਕਿੱਧਰੇ ਲੁੱਕ ਜਾਂਦਾ ਹੈ? ਉਸ ਵੇਲੇ "ਗੁਰੂ ਮੇਰੇ ਸੰਗ" ਦਾ ਡਰ, ਅਹਿਸਾਸ ਤੇ ਪਿਆਰ ਕਿਉਂ ਨਹੀਂ ਆਉਂਦਾ?

ਗੁਰਦੁਆਰੇ ਜਾਂਦਿਆਂ, ਕੱਚੀ ਕਲਾਸ ਪੜ੍ਹਦਿਆਂ ਕਾਫੀ ਦੇਰ ਹੋ ਗਈ ਹੈ। ਹੁਣ ਹੋਰ ਵੀ ਤਰੱਕੀ ਕਰ। ਗੁਰਬਾਣੀ ਸੱਚੇ ਮਨ ਨਾਲ, ਸਾਰਾ ਦਿਨ, ਹਰ ਵੇਲੇ, ਰੱਬ ਨੂੰ ਚੇਤੇ ਕਰ। **"ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ"**। **"ਊਠਤ ਬੈਠਤ ਸੋਵਤ ਨਾਮ"**। **"ਪਲ ਪਲ ਨਿਮਖ ਸਦਾ ਹਰਿ ਜਪਨੇ"**। ਤੇਰੀ ਅਕਲ ਵਿੱਚ ਗੁਰੂ ਦੀ ਗੱਲ ਪਈ ਕਿ ਨਹੀਂ ? ਹਾਂ ਇਹ ਬੇਵਕੂਫੀ ਵੀ ਨਾਂਹ ਕਰ ਬੈਠੀਂ ਕਿ ਗੁਰਦੁਆਰੇ ਸੰਗਤ ਜਾਣ ਦੀ ਲੋੜ ਨਹੀਂ "ਮੈਂ ਸਿੱਧਾ ਹਰ ਵੇਲੇ ਨਾਮ ਜਪ ਲਵਾਂਗਾ, ਬਾਣੀ ਪੜ੍ਹ ਲਵਾਂਗਾ"। ਕੱਚੀ-ਪੱਕੀ, ਸਕੂਲ, ਕਾਲਜ, ਯੂਨੀਵਰਸਿਟੀ ਤੋਂ ਬਿਨਾਂ ਸਿੱਧੇ ਪੀ.ਐਚ.ਡੀ. ਕਰਨ ਵਾਲੀ ਸ਼ੇਖਚਿਲੀ ਦੀ ਮੂਰਖਤਾ ਨਾਂਹ ਸੋਚ।

ਬ੍ਰਿਜਪਾਲ ਜੀ, ਲਾਲ ਜੀ, ਜਿੱਥੇ ਵੀ ਹੋ, ਉਸ ਤੋਂ ਅਗਲੀ ਕਲਾਸ ਦੀ ਲਾਲਸਾ ਤੇ ਯਤਨ ਕਰੋ। ਸਭ ਤੋਂ ਪਹਿਲਾਂ ਅਰਦਾਸ ਕਿ "ਦਾਤਾ ਮੇਰਾ ਕੋਹੜ ਕੱਢੋ; ਹੇਠਲੀ ਕਲਾਸ ਬੈਠੇ ਸਾਲਾਂ ਦੇ ਸਾਲ ਹੋ ਗਏ - ਉਮਰ ਬੀਤ ਰਹੀ ਹੈ - ਜਲਦੀ ਸਦਾ ਲਈ ਚਰਨਾਂ ਨਾਲ ਲਾਵੋ। ਸਦਾ ਦਾ, ਹਰ ਵੇਲੇ ਦਾ, ਬਾਣੀ ਦਾ ਰਸ ਤੇ ਜਸ ਬਖਸ਼ੋ"।



ਇਕ ਹੋਰ ਗੱਲ, ਭਾਵੇਂ ਤੈਨੂੰ ਸ਼ਰਮ ਤਾਂ ਆਵੇਗੀ। ਪੁੱਛ ਹੀ ਲੈਂਦਾ ਹਾਂ। **"ਅੰਮ੍ਰਿਤ ਛਕਿਆ ਹੈ ਕਿ ਨਹੀਂ"** ? ਬੜੇ ਅਫਸੋਸ ਦੀ ਗੱਲ ਹੈ ਕਿ ਗੁਰੂ ਦਾ ਹੋਣ ਦੀ ਮੋਹਰ ਨਹੀਂ ਲਵਾਈ। ਆਪਣੀ ਜੀਵਨ-ਡਿਗਰੀ ਤੇ ਗੁਰੂ ਦੇ ਦਸਤਖਤ ਹੀ ਨਹੀਂ ਕਰਵਾਏ! ਓਏ, ਢੇਕਿਆ **ਜੇ ਸਕੂਲ ਦਾਖਲ ਹੀ ਨਹੀਂ ਹੋਇਆ, ਦਾਖਲੇ ਦਾ ਫਾਰਮ ਹੀ ਨਹੀਂ ਭਰਿਆ- ਤੂੰ ਕਿਹੜੀ ਪੜ੍ਹਾਈ ਕਰੇਂਗਾ?** ਕਦੋਂ ਸਕੂਲ, ਕਦੋਂ ਕਾਲਜ, ਕਦੋਂ ਯੂਨੀਵਰਸਿਟੀ, ਕਦੋਂ ਪੀ.ਐਚ.ਡੀ., ਡੀ ਲਿਟ, ਐਮ. ਟੈਕ; ਐਮ.ਡੀ., ਕਦੋਂ ਡੀ. ਐਮ.।

ਬੇਹਯਾ ਹਾਲੇ ਤਾਂ ਸਕੂਲ ਦੀ ਕੱਚੀ ਵਿੱਚ ਹੀ ਰਸਮੀ ਦਾਖਲਾ ਨਹੀਂ ਲਿਆ। ਕਿਹੜਾ ਗੁਰੂ ਤੇਰੀ ਬਹੁੜੀ ਕਰੇਗਾ? ਜੇ ਤੂੰ ਗੁਰੂ ਦਾ ਹੀ ਨਹੀਂ ਬਣਿਆ। **ਉਠ ਅਰਦਾਸ ਕਰ, "ਦਾਤਾ ਜੀ, ਅੰਮ੍ਰਿਤ ਬਖਸ਼ੋ"**। "ਆਪਣਾ ਬਣਾਵੋ"। ਪਿਆਰਿਆਂ ਨੇ ਸੀਸ ਦੇ ਕੇ ਅੰਮ੍ਰਿਤ ਮੰਗਿਆ ਤੇ ਲਿਆ ਸੀ। ਹੁਣ ਕਈ ਸੈਂਕੜੇ ਸਾਲ ਗੁਜ਼ਰ ਗਏ। ਕਈ ਜਨਮ ਲੰਘ ਗਏ- ਮੰਗ ਲੈ, ਮੰਗ ਲੈ ਅੰਮ੍ਰਿਤ ਦੀ ਦਾਤ ਮੰਗ ਲੈ। ਜਿੱਥੇ ਖੜ੍ਹਾ ਹੈਂ, ਉੱਥੇ ਹੀ ਮੰਗ ਲੈ।

ਆਪਣੀ ਬਾਂਹ ਗੁਰੂ ਦੇ ਹਵਾਲੇ ਕਰਕੇ, ਗੁਰੂ ਦਾ ਹੋਣ ਦੀ ਅਰਦਾਸ ਕਰਕੇ, ਗੁਰੂ ਦਾ ਬਣ ਜਾ। ਹੋ ਅੱਗੇ। ਟੇਕ ਮੱਥਾ। ਤੇਰਾ ਪਾਪ ਲੱਥਾ। ਅੰਮ੍ਰਿਤ ਛਕਣਾ, ਬਾਣੀ ਪੜ੍ਹਨਾ, ਗੁਰਦੁਆਰੇ ਜਾਣਾ, ਸਤਿਸੰਗਤ ਕਰਨਾ, ਇਉਂ ਹਰ ਵੇਲੇ ਨਾਮ ਜਪਣਾ ਤੈਨੂੰ ਮੁਬਾਰਕ, ਸਦਾ ਮੁਬਾਰਕ।

ਸਿੱਖੀ ਵਿੱਚ ਦਾਖਲ ਹੋਣਾ ਹੀ ਨਹੀਂ। ਗੁਰੂ ਦੇ ਦੱਸੇ ਰਾਹ ਤੇ ਚਲਦੇ ਰਹਿਣਾ ਹੈ। ਜੀਵਨ ਲੈਣਾ ਹੈ। ਹੰਕਾਰ ਦਾ ਭਰਿਆ ਸਰੀਰ ਭੇਂਟ ਕਰਨਾ ਹੈ। ਵਢਵਾਣਾ ਹੈ,

ਕਟਵਾਣਾ ਹੈ, ਅਭਿਮਾਨ-ਤਕੱਬਰ-ਹੰਕਾਰ ਅਤੇ ਨਿਮਰਤਾ ਸਹਿਜ ਵਿੱਚ ਇੰਝ ਮਰਜੀਵੜਾ ਹੋਣਾ ਹੈ ਕਿ ਹਰ ਪਲ ਗੁਰੂ ਦਾ ਮਾਰਗ ਹੀ ਚੱਲਣਾ ਹੈ। **"ਜੋ ਗੁਰੁ ਕਹੈ ਸੋਈ ਭਲ ਮਾਨਹੁ"**॥

ਭਲ ਮਾਨਹੁ, ਸਿਰਫ ਸਰੀਰ ਕਰਕੇ ਹੀ ਨਹੀਂ-ਬੁੱਧੀ ਤੇ ਗਿਆਨ ਦੀ ਸਿਰਫ "ਹਾਂ ਜੀ" ਨਹੀਂ। ਮਨ ਕਰਕੇ, ਮੰਨ ਜਾਣਾ ਹੈ। ਮੰਨ ਕੇ ਚਲਣਾ ਹੈ। **"ਮੰਨੈ ਸੁਰਤਿ ਹੋਵੈ ਮਨ ਬੁਧਿ"** ਇੰਝ ਜੀਵਣ ਬਣੇ ਕਿ "ਮੁਹਿ" ਦੀਆਂ ਚੋਟਾਂ ਤੋਂ ਪਰ੍ਹੇ ਹੋ ਜਾਓ। **"ਗੁਰੂ ਗੁਰੂ ਗੁਰੁ ਕਰਿ ਮਨ ਮੋਰ"**। **"ਗੁਰੂ ਬਿਨਾ ਮੈ ਨਾਹੀ ਹੋਰ"**। ਏਸ ਤਰ੍ਹਾਂ ਦਾ ਮੰਨਣਾ, ਫਿਰ **"ਨਦਰੀ ਨਦਰਿ ਨਿਹਾਲ"** ਹੋ ਜਾਵੇ।

ਮਨ ਇੰਝ ਬੋਲੇ ਕਿ ਜੋ "ਬੋਲੇ ਸੋ ਨਿਹਾਲ" ਹੋ ਜਾਵੇ। ਤੂੰ-ਤੂੰ ਕਰਦਿਆਂ, ਮੈਂ-ਮੈਂ ਮੁੱਕ ਜਾਵੇ, ਕੇਵਲ ਤੇ ਕੇਵਲ "ਸਤਿ ਸ੍ਰੀ ਅਕਾਲ" ਹੋ ਜਾਵੇ। ਇਹ ਮੰਨਣਾ ਹੈ। ਇਹ ਕਰਨਾ ਹੈ। ਇਹ ਮਰਣਾ ਹੈ ਤੇ ਇਹੋ ਜੀਣਾ ਹੈ। ਇਹ ਅੰਮ੍ਰਿਤ ਪੀਣਾ ਹੈ। ਫਿਰ ਤੂੰ, ਤੇਰਾ ਪਰਿਵਾਰ, ਤੇਰੇ ਨਾਲ ਰਲੇ ਸਾਰੇ ਗੁਰਸਿੱਖ ਹੋ ਜਾਣ।

**ਉਠ! ਓਏ, ਉਠ ਸ਼ੁਰੂ ਹੋ ਜਾ। ਅਰਦਾਸ ਕਰ।** ਫਿਰ ਆਪੇ ਉਹ ਕਰਵਾਵੇਗਾ। ਬੱਸ ਤੂੰ ਅਰਦਾਸ ਕਰ। **ਢਹਿ ਪਉ ਗੁਰੂ ਦੇ ਦੁਆਰ। ਅੱਗੋਂ ਦੀ ਓਹੀ ਨਿਰੰਕਾਰ ਜਾਣੇ।**

**ਤੇਰਾ ਭਲਾ ਮੰਗਦਾ,**
**ਤੇਰਾ ਹੀ ਪਿਆਰਾ,**
**ਬ੍ਰਿਜਪਾਲ ਸਿੰਘ**



# "icTI ilKI - isK bc n"

ਮੇਰੇ ਪਿਆਰੇ ਸਿੱਖ ਬੱਚੇ ਜੀ,

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।**

**ਗੁਰੂ ਦੀ ਅਸੀਸ ਤੇ ਮੇਰਾ ਘੁੱਟ ਕੇ ਪਿਆਰ।**

ਪਹਿਲੇ ਮੈਂ ਮਾਫੀ ਮੰਗਦਾ ਹਾਂ ਕਿ ਜਿੰਨਾ ਸੁਖਾਵਾਂ ਬਚਪਣ ਸਾਨੂੰ ਮਿਲਿਆ ਸੀ, ਉਤਨਾ ਸੁਖਾਵਾਂ ਬਚਪਣ ਅਸੀਂ ਤੁਹਾਨੂੰ ਨਹੀਂ ਦੇ ਸਕੇ। ਤੁਹਾਨੂੰ ਖੁੱਲ੍ਹੀ ਹਵਾ, ਲਹਿਲਹਾਂਦੇ ਪਿੱਪਲ ਤੇ ਟਾਹਲੀਆਂ, ਪੀਂਘਾਂ ਦੇ ਝੂਟੇ, ਚਹਿਕਦੇ ਪੰਛੀ, ਅਸਮਾਨੀ ਚਮਕਦੇ ਤਾਰੇ, ਫੁੱਲਾਂ ਦੀਆਂ ਵਾੜੀਆਂ ਦੀ ਖੁਸ਼ਬੂ, ਖੁੱਲ੍ਹੇ ਵੇਹੜੇ ਤੇ ਖੁੱਲ੍ਹੇ ਖੇਲ ਮੈਦਾਨ, ਮਿੱਠੇ ਸਾਫ ਚਸ਼ਮੇ ਤੇ ਨਦੀਆਂ ਅਸੀਂ ਦਿੱਤੇ ਨਹੀਂ। ਇਹ ਕੁਦਰਤੀ ਪਦਾਰਥ ਤੁਹਾਡੇ ਤੋਂ ਖੋਹ ਲਏ ਹਨ। ਇਸ ਲਈ ਅਸੀਂ ਕਸੂਰਵਾਰ ਮਾਪੇ ਹਾਂ। ਤੁਹਾਨੂੰ ਚਿੱਠੀ ਲਿਖਣ ਦੇ ਅਧਿਕਾਰੀ ਵੀ ਨਹੀਂ। ਪਰ ਕਿਉਂ ਕੀ ਤੁਸੀਂ ਰੱਬ ਦੀਆਂ ਦਾਤਾਂ ਸ਼ੁਰੂ ਤੋਂ ਹੀ ਨਹੀਂ ਲਈਆਂ, ਇਸ ਲਈ ਤੁਹਾਨੂੰ ਘਾਟ ਮਹਿਸੂਸ ਹੀ ਨਹੀਂ ਹੁੰਦੀ। ਪਰ ਸਾਨੂੰ ਤਾਂ ਖੋਹ ਪੈਂਦੀ ਹੈ।

ਹਾਂ, ਤੁਹਾਨੂੰ ਸੁੱਖ ਦੇਣ ਲਈ ਯਤਨ ਅੱਗੇ ਤੋਂ ਵੀ ਜ਼ਿਆਦਾ ਕਰ ਰਹੇ ਹਾਂ। ਵੇਖੋ ਨਾਂ! ਤੁਹਾਨੂੰ ਘਰਾਂ ਵਿੱਚ ਵੱਖਰੇ ਕਮਰੇ ਜਾਂ ਨੁੱਕਰਾਂ ਮਿਲ ਗਈਆਂ। ਨਵੇਂ ਕਿੰਨੇ ਮਹਿੰਗੇ ਖਿਡੌਣੇ, ਜੋ ਚਾਬੀ ਨਾਲ ਚਲਦੇ ਹਨ; ਦੂਰੋਂ ਤੁਸੀਂ ਉਨ੍ਹਾਂ ਦੀ ਚਾਲ ਤੇ ਦਿਸ਼ਾ ਕੰਟਰੋਲ ਕਰ ਲੈਂਦੇ ਹੋ। ਸਕੂਲਾਂ ਵਿੱਚ ਵਰਦੀ ਤੇ ਕਿਤਾਬਾਂ ਨਾਲ ਭਰੀਆਂ ਲਾਇਬ੍ਰੇਰੀਆਂ, ਅਨੇਕਾਂ ਮਜ਼ਮੂਨ, ਅਨੇਕਾਂ ਕਾਪੀਆਂ ਤੇ ਪੈਂਨਸਿਲਾਂ ਨਾਲ ਤੁਹਾਨੂੰ ਇੰਝ ਰਜਾਇਆ ਹੈ ਕਿ ਤੁਹਾਨੂੰ ਸਕੂਲੀ ਬਸਤੇ ਚੁੱਕਣੇ ਔਖੇ ਲੱਗਦੇ ਹਨ। ਸਕੂਲ ਤੁਸੀਂ ਪੈਦਲ ਨਹੀਂ ਜਾਂਦੇ - ਸਾਇਕਲ, ਰਿਕਸ਼ੇ, ਮੋਟਰਸਾਇਕਲ, ਬੱਸਾਂ ਅਤੇ ਕਾਰਾਂ ਤੁਹਾਨੂੰ ਲੈ ਜਾਂਦੀਆਂ

ਹਨ। ਸਕੂਲੀ ਵਿੱਦਿਆ ਦੇ ਕੁੱਲ ਖਰਚੇ ਇਕ ਮਹੀਨੇ ਵਿੱਚ ਇਤਨੇ ਹੋ ਗਏ ਹਨ, ਜੋ ਅਸੀਂ 2 ਜਾਂ 3 ਸਾਲਾਂ ਵਿੱਚ ਦੇਂਦੇ ਸਾਂ। ਸੋ ਵੇਖਣ ਨੂੰ ਅਤੇ ਅੰਕੜਿਆਂ ਵਿੱਚ ਤਾਂ ਤੁਸੀਂ ਖੁਸ਼ਕਿਸਮਤ ਲੱਗਦੇ ਹੋ।

ਪਰ ਜਦੋਂ ਮੈਂ ਤੁਹਾਡੀ ਤਾਕਤ, ਫੁਰਤੀ, ਸੁਡੌਲਤਾ, ਸੁਭਾਉ ਦੀ ਸਥਿਰਤਾ, ਸਹਜ ਤੇ ਅੱਖਾਂ ਦੀ ਚਮਕ ਆਪਣੇ ਬਚਪਨ ਨਾਲ ਮੁਕਾਬਲੇ ਤੇ ਰੱਖਦਾ ਹਾਂ, ਤਾਂ ਸੱਚੀਂ ਤੁਹਾਡੇ ਤੇ ਤਰਸ ਆਉਂਦਾ ਹੈ। ਤੁਹਾਡੀ ਚਮੜੀ ਦਾ ਬੇਲੋੜਾ ਫੁੱਲਿਆ ਹੋਣਾ; ਜਰੂਰਤ ਤੋਂ ਵੱਧ ਭਾਰਾ ਸਰੀਰ; ਅੱਖਾਂ ਤੇ ਐਨਕਾਂ; ਚਿੜਚਿੜਾ, ਗੁੱਸੇ ਨਫਰਤ ਤੇ ਹੰਕਾਰ ਵਾਲਾ ਸੁਭਾਉ; ਹਰੇਕ ਦਾ ਯਤਨ ਦੂਜੇ ਨੂੰ

ਸੁੱਟਣਾ ਜਾਂ ਕੁਝ ਖੋਹ ਲੈਣ ਦੀ ਤੀਬਰ ਭਾਵਨਾ ਵੇਖ ਕੇ ਮੇਰੀ ਹੂਕ ਨਿੱਕਲਦੀ ਹੈ ਕਿ ਅਸੀਂ ਤੁਹਾਡੇ ਤੋਂ ਧਰਤੀ, ਅਸਮਾਨ, ਹਵਾ, ਤੇ ਪਾਣੀ ਖੋਹ ਕੇ ਬਨਾਵਟੀ, ਕਾਗਜ਼ੀ, ਚਮਕਦਾਰ ਪਰ ਅੰਦਰੋਂ ਖੋਖਲੀ ਖੂੰਖਾਰ ਜਿੰਦਗੀ ਦਿੱਤੀ ਹੈ। ਇਹ ਤਾਂ ਮੇਰਾ ਦੁੱਖ ਹੈ। **ਤੁਹਾਨੂੰ ਤਾਂ ਪਤਾ ਹੀ ਨਹੀ ਕਿ ਤੁਸੀਂ ਕੀ ਗੁਆਇਆ ਹੈ, ਸਹੀ ਪਛਾਣ ਸ਼ਾਇਦ ਕਈ ਦਹਾਕਿਆਂ ਬਾਅਦ ਆਵੇਗੀ।** ਉਦੋਂ ਅਸੀਂ ਨਹੀਂ ਹੋਵਾਂਗੇ ਪਰ ਤੁਸੀਂ ਸਾਨੂੰ ਤੇ ਸਾਡੀ ਮਸਾਣਾਂ ਦੀ ਸੁਆਹ ਨੂੰ ਵੀ ਮਾਫ਼ ਨਹੀਂ ਕਰੋਗੇ। ਪਰ ਹਾਲ ਦੀ ਘੜੀ ਤਾਂ ਤੁਸੀਂ ਮੌਜ ਕਰਦੇ ਹੋ। ਮੈਨੂੰ ਤੁਹਾਡੀ ਮੌਜ ਦੀ ਤਸੱਲੀ ਤੇ ਖੁਸ਼ੀ ਹੈ।

ਪਰ ਮੈਨੂੰ ਤੁਸੀਂ ਬਹੁਤ ਪਿਆਰੇ ਲੱਗਦੇ ਹੋ। ਤੁਸੀਂ ਮੇਰੇ ਗੁਰੂ ਦੀ ਸਿੱਖੀ ਦੀ ਸੰਤਾਨ ਹੋ। ਸਾਡਾ ਵਰਤਮਾਨ ਤੇ ਭਵਿੱਖ ਦਾ ਫ਼ਖ਼ਰ, ਜੋ ਸਾਡਾ ਇਮਾਨ ਤੇ ਸਾਡੀ ਸ਼ਾਨ ਹੋ। ਜੋ ਆਰਾਮ ਤੇ ਐਸ਼ ਤੁਹਾਨੂੰ ਮਿਲੇ ਹਨ, ਉਹ ਤੁਹਾਡੇ ਹੀ ਰਹਿਣ ਤੇ ਤੁਸੀਂ ਇਸ ਵਿੱਚੋਂ ਸੁੱਖ ਵੀ ਲਵੋ। ਇਹ ਹੀ ਮੇਰੀ ਆਸ਼ਾ ਤੇ ਅਭਿਲਾਸ਼ਾ ਹੈ।

ਮੈਂ ਤੁਹਾਡਾ ਹਾਂ, ਤੁਹਾਡਾ ਪਿਆਰਾ ਹਾਂ, ਇਸੇ ਲਈ ਕੁਝ ਗੱਲਾਂ ਕਰਨ ਲਈ ਇਹ ਚਿੱਠੀ ਲਿਖ ਰਿਹਾ ਹਾਂ। ਤੁਹਾਡੇ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਨਾਨਕ ਦੇਵ ਮੇਰੇ ਵੀ ਗੁਰੂ ਹਨ। ਅਸੀਂ ਇਸ ਕਰਕੇ ਸਾਂਝੇ ਭਰਾਂ ਤੇ ਮਿੱਤਰ ਵੀ ਹਾਂ, ਭਾਵੇਂ ਉਮਰ ਵਿੱਚ ਮੈਂ



ਤੁਹਾਡਾ ਦਾਦਾ ਤੇ ਬਾਪੂ ਹੀ ਹਾਂ। ਆਓ ! ਰਲ ਮਿਲ ਗੱਲਾਂ ਕਰੀਏ।

ਤੁਹਾਡਾ ਜੀ ਕਰਦਾ ਹੋਣੈ ਕਿ ਤਰੱਕੀ ਕਰੋ। ਅੱਗੇ ਵੱਧੋ। ਮਾਪਿਆਂ ਨੇ ਵੀ ਇਹੀ ਦੱਸਿਆ ਹੋਣੈ ਤੇ ਸਕੂਲ ਤੋਂ ਵੀ ਤੁਸੀਂ ਇਹੀ ਸਿੱਖਿਆ ਹੋਣੈ। ਮੈਂ ਵੀ ਇਹੀ ਚਾਹੁੰਦਾ ਹਾਂ। ਅਸੀਂ ਸਾਰੇ ਆਪਣੇ ਆਪ ਲਈ ਇਹੀ ਮੰਗਦੇ ਹਾਂ। ਇਸ ਤਰ੍ਹਾਂ ਅਸੀਂ ਸਾਰੇ ਇੱਕ ਪੁਜ਼ੀਸ਼ਨ ਤੋਂ, ਇਕੋ ਬਿੰਦੂ ਤੋਂ ਸ਼ੁਰੂ ਹੁੰਦੇ ਹਾਂ। ਤਰੱਕੀ ਤੇ ਵਿਕਾਸ ਹੀ ਸਾਡਾ ਨਿਸ਼ਾਨਾ ਹੋਵੇ ਤੇ ਹੈ ਵੀ।

ਮੈਂ ਤਾਂ ਚਿੱਠੀ ਪਾ ਕੇ ਇੱਕ ਪ੍ਰਸ਼ਨ ਕਰਨ ਲੱਗਾ ਹਾਂ: **ਤਰੱਕੀ ਜਾਂ ਵਿਕਾਸ ਕਿਸ ਨੂੰ ਕਹਿੰਦੇ ਹਨ** ? ਜਿੱਥੇ ਖੜ੍ਹੇ ਹਾਂ ਉਸ ਤੋਂ ਅੱਗੇ ਹੋਰ ਵਧੀ ਜਾਣਾ ? ਜੋ ਕੁਝ ਹੈ, ਉਸ ਨੂੰ ਹੋਰ ਵਧਾਣਾ ? ਹੋਰ ਚੱਲੀ ਜਾਣਾ ਤੇ ਹੋਰ ਲਈ ਜਾਣਾ ? ਕੀ ਇਹੀ ਵਿਕਾਸ ਜਾਂ ਤਰੱਕੀ ਹੈ? ਅਸੀ ਕਿੱਧਰ ਮੂੰਹ ਕਰਕੇ ਖੜ੍ਹੇ ਹਾਂ; ਕਿੱਥੇ ਖੜ੍ਹੇ ਹਾਂ ਕਿਹੜੀ ਸੇਧ ਵਿੱਚ ਜਾਣਾ ਹੈ, ਕੀ ਇਹ ਜਰੂਰੀ ਨਹੀਂ? ਕਈ ਕਹਿੰਦੇ ਹਨ, ਕਿ ਸਿਰਫ ਇਹ ਦੇਖੋ, ਬਾਕੀ ਲੋਕ ਕਿੱਧਰ ਜਾਂ ਰਹੇ ਹਨ। ਬਸ ਤੁਸੀਂ ਵੀ ਉਧਰ ਤੁਰੀ ਜਾਉ ਜਾਂ ਇਤਨਾ ਤੇਜ਼ ਕਿ ਕਈਆਂ ਤੋਂ ਅੱਗੇ ਲੰਘ ਜਾਵੋ। **ਪਰ ਇਹ ਜੀਵਨ-ਜਲੂਸ ਇਤਨਾ ਵੱਡਾ ਤੇ ਲੰਬਾ ਹੈ ਕਿ ਭਾਵੇਂ ਕਿੱਥੋਂ ਵੀ ਸ਼ਾਮਿਲ ਹੋਵੋ, ਤੁਹਾਡੇ ਤੋਂ ਅੱਗੇ ਹੋਰ ਕਈ ਹਨ। ਇਵੇਂ ਤੁਹਾਡੇ ਤੋਂ ਪਿੱਛੇ ਵੀ ਬੜੇ ਹਨ।** ਇਸ ਬੇਸ਼ੁਮਾਰ ਦੁਨੀਆਂ ਵਿੱਚ ਮੇਰੀ ਇਕੱਲੇ ਦੀ ਗਿਣਤੀ ਕੋਈ ਅਰਥ ਨਹੀਂ ਰੱਖਦੀ। ਇਸੇ ਲਈ ਜਪੁਜੀ ਸਾਹਿਬ ਵਿੱਚ ਗੁਰੂ ਜੀ ਨੇ 'ਅਸੰਖ ਜਪ, ਅਸੰਖ ਭਗਤ' ਦਾ ਜ਼ਿਕਰ ਕਰਕੇ 'ਅਸੰਖ ਮੂਰਖ ਅੰਧ ਘੋਰ' ਤੇ 'ਅਸੰਖ ਚੋਰ ਹਰਾਮਖੋਰ' ਆਦਿ ਵੀ ਦੱਸੇ ਹਨ। ਸੋ ਸੰਸਾਰੀ ਜੀਵਨ ਦੇ ਜਲੂਸ ਵਿੱਚ ਤੁਰੀ ਜਾਣਾ ਜਾਂ ਅੱਗੇ ਵਧਣਾ ਕੋਈ ਵੱਡੀ ਪ੍ਰਾਪਤੀ ਜਾਂ ਵਿਕਾਸ ਨਹੀਂ।

ਅਮਰੀਕਨ ਵਿਕਾਸ ਜਾਂ ਯੂਰਪ ਦੇ ਵਿਕਾਸ ਨੇ, (ਪਤਾ ਜੇ?) ਦੁਨੀਆਂ ਨੂੰ ਕੀ ਦਿੱਤਾ ਹੈ ? ਇਕ ਪਾਸੇ ਤਾਂ ਅੱਤਿਵਾਦ, ਦਹਿਸ਼ਤ, ਮਨ ਦੀ ਕਮਜ਼ੋਰੀ, ਸੁਰੱਖਿਆ ਰਹਿਤ ਹੋਣ ਦੀ ਭਾਵਨਾ ਦਿੱਤੀ ਹੈ। ਦੂਜੇ ਪਾਸੇ ਸਾਰਾ ਪਰਦੂਸ਼ਤ ਵਾਤਾਵਰਨ ਜਿੱਥੇ

ਸ਼ੁੱਧ ਪਾਣੀ ਤੇ ਹਵਾ ਦੀ ਘਾਟ ਮਨੁੱਖ ਦਾ ਭਵਿੱਖ ਹੈ। ਸੋ ਸਾਡਾ ਪਹਿਲਾ ਪ੍ਰਸ਼ਨ ਜਿਸ ਦਾ ਅਸੀਂ ਉਤਰ ਲੱਭਣਾ ਹੈ, ਇਹ ਹੈ ਕਿ ਵਿਕਾਸ ਦਾ ਸਹੀ ਭਾਵ ਕੀ ਹੋਵੇ?

ਤੁਸੀਂ ਸਿੱਖ ਮਾਤਾ-ਪਿਤਾ ਦੇ ਸਿੱਖ ਬੱਚੇ ਹੋ। ਇਹ ਤੁਹਾਡਾ ਮਾਣ ਤੇ ਵੱਡਾ ਭਾਗ ਹੈ। ਧੰਨ ਗੁਰੂ ਨਾਨਕ ਦੇਵ ਦੇ ਸਿੱਖੀ ਰਾਹ ਦੀ ਸਹੀ ਪਛਾਣ ਕਰਨਾ ਤੁਹਾਡਾ ਕਰੱਤਵ ਹੋਣਾ ਚਾਹੀਦਾ ਹੈ। **ਕੀ ਤੁਸੀਂ ਆਪਣੇ ਮਾਤਾ-ਪਿਤਾ, ਜਾਂ ਵੱਡੇ ਭੈਣ-ਭਰਾ, ਦਾਦਾ-ਦਾਦੀ ਜਾਂ ਨਾਨਾ-ਨਾਨੀ ਨਾਲ ਕਦੇ ਸਿੱਖੀ ਬਾਰੇ ਵਿਚਾਰ ਕੀਤੀ ਹੈ?** ਜੇ ਕੀਤੀ ਹੈ ਤਾਂ ਇਹ ਸਫਲ ਵਿਚਾਰ ਹਨ। ਜੇ ਹਾਲੇ ਨਹੀ ਕੀਤੀ ਤਾਂ ਹੁਣ ਕਰੋ। **ਆਪ ਪੁੱਛੋ ਤੇ ਬਾਰ-ਬਾਰ ਪੁੱਛ ਕੇ ਉਨ੍ਹਾਂ ਨੂੰ ਮਜਬੂਰ ਕਰੋ ਕਿ ਤੁਹਾਡੇ ਨਾਲ ਅਜਿਹੀਆਂ ਗੱਲਾਂ ਹਰ ਛੁੱਟੀ ਵਾਲੇ ਦਿਨ ਖਾਣੇ ਤੋਂ ਬਾਅਦ ਕਰਨ।** ਆਪਣੇ ਵਿਰਸੇ ਨੂੰ ਪੁੱਛੋ, ਪਛਾਣੋ ਤੇ ਸਮਝੋ।

ਜੇ ਤੁਹਾਨੂੰ ਨਹੀਂ ਪਤਾ ਤੇ ਮੈਂ ਸੁਝਾਵ ਦੇਂਦਾ ਹਾਂ ਕਿ ਇੰਝ ਪੁੱਛੋ: ਗੁਰੂ ਨਾਨਕ ਤੇ ਸਾਡੇ ਹੋਰ 9 ਗੁਰੂਆਂ ਦਾ ਮਿਸ਼ਨ ਕੀ ਸੀ ? ਇਸ ਦੁਨੀਆਂ ਵਿੱਚ ਆ ਕੇ ਉਨ੍ਹਾਂ ਆਪ ਕਿਵੇਂ ਜੀਵਨ ਜੀਵਿਆ ਤੇ ਆਪਣੇ ਸਿੱਖਾਂ ਨੂੰ ਕਿਵੇਂ ਜੀਵਨ ਜੀਣਾ ਦੱਸਿਆ? ਸਿੱਖੀ ਦਾ ਬਾਹਰਲਾ ਤੇ ਅੰਦਰਲਾ ਸਰੂਪ ਕੀ ਹੈ, ਕਿਉਂ ਹੈ ? ਸਿਮਰਨ, ਪਾਠ, ਸੇਵਾ ਕੀਰਤਨ ਕੀ ਹਨ ਅਤੇ ਇੰਨ੍ਹਾਂ ਦੀ ਲੋੜ ਕਿਉਂ ਹੈ? ਸਿੱਖੀ ਨਾਲ ਜੁੜੀਆਂ ਸੰਸਥਾਵਾਂ, ਸੰਗਤ, ਗੁਰਦੁਆਰਾ, ਲੰਗਰ, ਧਰਮ ਦੀ ਕਿਰਤ ਤੇ ਦਸਵੰਧ ਦਾ ਸਾਡੇ ਨਿੱਜੀ ਜੀਵਨ ਨਾਲ ਕੀ ਸੰਬੰਧ ਹੈ ? ਸਾਡੇ ਜਨਮ, ਦਸਤਾਰ ਸਜਾਣਾ, ਅੰਮ੍ਰਿਤ ਛਕਣਾ, ਵਿਆਹ, ਕਾਰ-ਵਿਹਾਰ, ਜੀਵਨ ਦੀ ਅੰਤਮ ਯਾਤਰਾ ਦੇ ਕੀ ਸੰਸਕਾਰ ਹਨ ਤੇ ਕਿਉਂ ਇਨ੍ਹਾਂ ਸਾਰਿਆਂ ਕਾਰਜਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸਰਾ ਲੈਂਦੇ ਹਾਂ ਤੇ ਅਰਦਾਸ ਕਰਦੇ ਹਾਂ? ਦੁੱਖ, ਬਿਮਾਰੀ, ਬਿਪਤਾ, ਖੁਸ਼ੀ ਜਾਂ ਪ੍ਰਾਪਤੀ ਵਿੱਚ ਵੀ ਕਿਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਾਡੇ ਸੰਗੀ, ਸਾਥੀ ਅਤੇ ਸੰਰਖ਼ਸ਼ਕ ਹਨ?

ਬੱਚੇ ਦਾ ਆਪਣਾ, ਜੁਆਨਾਂ ਦਾ ਅਤੇ ਬਜ਼ੁਰਗਾਂ ਦਾ ਸਿੱਖੀ ਜੀਵਨ ਕਿੰਝ ਦਾ



ਹੋਣਾ ਚਾਹੀਦਾ ਹੈ? ਇਹ ਪ੍ਰਸ਼ਨ ਅਤੇ ਉੱਤਰ ਇੱਕ ਵਾਰ ਨਹੀਂ ਮੁੱਕਦੇ, ਇੱਕ-ਇੱਕ ਕਰਕੇ ਇਨ੍ਹਾਂ ਨੂੰ ਚਲਦਾ ਵਿਚਾਰ ਬਣਾ ਕੇ ਰੱਖੋ। ਇੰਝ ਤੁਹਾਡਾ ਮੂਲ, ਤੁਹਾਡਾ ਵਿਰਸਾ ਅਤੇ ਤੁਹਾਡਾ ਕਲਚਰ, ਤੇ ਤੁਹਾਡਾ ਚਰਿੱਤਰ ਤੁਹਾਨੂੰ ਮਿਲੇਗਾ ਤੇ ਤੁਸੀਂ ਜੀਵਨ ਵਿੱਚ ਅਨੋਖੀ ਅਤੇ ਸਦੀਵੀ ਸੁੱਖ-ਸ਼ਾਂਤੀ ਦੇ ਨੇੜੇ ਪਹੁੰਚੋਗੇ। ਇਹ ਪ੍ਰਸ਼ਨ ਜ਼ਰੂਰੀ ਹਨ ਅਤੇ ਕੁੱਝ ਉੱਤਰ ਤੁਹਾਡੇ ਕੋਲ ਜ਼ਰੂਰ ਹੋਣੇ ਚਾਹੀਦੇ ਹਨ।

ਜੇ ਮਾਤਾ-ਪਿਤਾ ਜਾਂ ਰਿਸ਼ਤੇਦਾਰ ਇਨ੍ਹਾਂ ਪ੍ਰਸ਼ਨਾਂ ਦੇ ਤਸੱਲੀ ਬਖ਼ਸ਼ ਉੱਤਰ ਨਹੀਂ ਦੇ ਸਕਦੇ ਤਾਂ ਆਲੇ-ਦੁਆਲੇ ਦੇ ਗੁਰਸਿੱਖ ਜੀਵਨ ਵਾਲੇ ਕਿਸੇ ਵੀ ਟੀਚਰ, ਵੀਰ, ਅੰਕਲ ਜਾਂ ਆਂਟੀ ਤੋਂ ਪੁੱਛੋ। ਉਹ ਵੀ ਤਸੱਲੀ ਨਹੀਂ ਦਿੰਦੇ ਤਾਂ ਇੰਨ੍ਹਾਂ ਵਿਸ਼ਿਆਂ ਦੀਆਂ ਸਕੂਲ ਤੋਂ, ਲਾਇਬ੍ਰੇਰੀ ਤੋਂ ਚੰਗੀਆਂ ਕਿਤਾਬਾਂ ਲੈ ਕੇ ਪੜ੍ਹੋ। ਕਿੱਧਰੋਂ ਵੀ ਤਸੱਲੀ ਨਹੀਂ ਹੁੰਦੀ ਤਾਂ ਮੈਨੂੰ ਚਿੱਠੀ ਪਾਉ ਜਾਂ ਟੈਲੀਫੋਨ ਕਰੋ। ਮੈਂ ਤੁਹਾਡੇ ਘਰ, ਸਕੂਲ ਆ ਕੇ ਵਿਚਾਰ ਕਰਨ ਨੂੰ ਤਿਆਰ ਹਾਂ। ਇਸ ਚਿੱਠੀ ਦੇ ਅਖੀਰ ਤੇ ਮੈਂ ਆਪਣਾ ਪਤਾ, ਟੈਲੀਫੋਨ ਨੰਬਰ ਲਿਖ ਦਿੱਤੇ ਹਨ।

ਹਾਂ, ਸਿੱਖੀ ਸਿਰਫ ਜੀਵਨ-ਵਿਚਾਰ ਨਹੀਂ, ਇਹ ਤਾਂ ਜੀਵਨ ਜੀਣ ਦਾ ਸਹੀ ਢੰਗ ਹੈ। ਸੋ ਸਿੱਖੀ ਅਨੁਸਾਰ, ਗੁਰੂ ਦੀ ਦਿੱਤੀ ਮੱਤ ਅਨੁਸਾਰ (ਗੁਰਮਤਿ) ਜੀਵਨ ਜੀਣਾ ਤੇ ਗੁਰੂ ਦੇ ਪਿਆਰ ਵਿੱਚ ਰੀਝ ਕੇ ਉਸਦਾ ਸਦੀਵੀ ਆਸਰਾ ਲੈਣਾ ਹੀ ਸਿੱਖੀ ਹੈ। ਇਹ ਹੀ ਅਸਲ ਸੁੱਖ, ਇਹੀ ਜਿੰਦਗੀ ਅਤੇ ਇਹੀ ਬੰਦਗੀ ਹੈ।

**ਸਿੱਖੀ ਸੰਸਾਰਕ ਸਫਲਤਾ ਤੋਂ ਰੋਕਦੀ ਨਹੀਂ। ਸੰਸਾਰਕ ਸਫਲਤਾ ਵਿੱਚ ਰੁਕਾਵਟ ਨਹੀਂ ਬਣਦੀ ਸਗੋਂ ਸਫਲਤਾ ਦੀ ਸਹੀ ਸੇਧ ਦੇ ਕੇ ਉਸ ਵਿੱਚ ਸਹਾਈ ਹੁੰਦੀ ਹੈ।** ਸਿੱਖ ਇਸ ਲੋਕ ਦਾ ਸਫਲ ਇਨਸਾਨ ਹੈ। ਸਿੱਖ ਆਪਣੇ ਕਿੱਤੇ ਵਿੱਚ, ਆਪਣੀ ਨੌਕਰੀ ਵਿੱਚ ਜਾਂ ਤੁਸੀਂ ਜਿਵੇਂ ਵਿਦਿਆਰਥੀ ਹੋ, ਤਾਂ ਵਿੱਦਿਆ ਸਿੱਖਣ ਵਿੱਚ, ਸਦਾ ਨਿਪੁੰਨ ਅਤੇ ਬਹੁਤਿਆਂ ਤੋਂ ਅੱਗੇ ਹੁੰਦਾ ਹੈ। ਕੀ ਤੁਸੀਂ ਪੜ੍ਹਾਈ ਵਿੱਚ ਔਸਤ ਜਾਂ ਔਸਤ ਤੋਂ ਹੇਠਾਂ ਤਾਂ ਨਹੀਂ ? ਜੇ ਹੋ ਤਾਂ ਇਹ ਘਾਟਾ ਜਲਦੀ ਪੂਰਾ ਕਰੋ।

ਸਿੱਖ ਗੁਰੂ ਦੀ ਬਖ਼ਸ਼ਿਸ਼ ਸਦਕਾ, ਸਦਾ ਹੀ ਪਹਿਲੀ ਕਤਾਰ ਵਿੱਚ ਹੁੰਦਾ ਹੈ। ਇਹ ਉਸ ਉਤੇ ਗੁਰੂ ਦੀ ਅਸੀਸ ਹੈ।

ਇਸ ਲਈ ਤੁਹਾਡਾ ਪਹਿਲਾ ਕਾਰਜ, ਪੜ੍ਹਾਈ, ਖੇਡਾਂ ਤੇ ਸਕੂਲ ਦੀਆਂ ਹੋਰ ਕਿਰਿਆਵਾਂ ਵਿੱਚ ਅੱਗੇ ਵੱਧਣਾ ਹੈ। ਤੁਹਾਡੀ ਨਿਪੁੰਨਤਾ ਦੂਜਿਆਂ ਲਈ ਮਾਰਗ ਦਰਸ਼ਨ ਬਣੇ। ਸਕੂਲ ਦੀ ਪੜ੍ਹਾਈ, ਖੇਡਾਂ ਤੇ ਹੋਰ ਪੜ੍ਹਾਈ ਤੋਂ ਛੁੱਟ ਕਾਰਜਾਂ (ਸਟੇਜਾਂ ਤੇ ਬੋਲਣਾ, ਮੁਕਾਬਲਿਆਂ ਵਿਚ ਹਿੱਸਾ ਲੈਣਾ ਆਦਿ) ਵਿੱਚ ਤੁਸੀਂ ਜ਼ਰੂਰ ਅੱਗੇ ਵਧੋ। ਪਿੱਛੇ ਰਹਿਣ ਵਾਲੇ ਸਿੱਖੀ ਉਤੇ ਲਾਜ ਲਾਉਂਦੇ ਹਨ। ਵੇਖਣਾ ਤੁਹਾਡੇ ਕਰਕੇ ਸਿੱਖੀ ਨੂੰ ਲਾਜ ਨਾਂਹ ਲੱਗੇ। ਤੁਹਾਡੇ ਮਾਪੇ ਅਤੇ ਰਿਸ਼ਤੇਦਾਰ ਇਸ ਵਿੱਚ ਮੱਦਦ ਕਰਦੇ ਹਨ। ਤੁਹਾਡੇ ਅੱਗੇ ਵੱਧਣ ਨੂੰ ਵੇਖ ਕੇ ਖੁਸ਼ ਹੁੰਦੇ ਹਨ। ਪਰ ਪ੍ਰਸ਼ਨ ਤਾਂ ਫਿਰ ਵੀ ਰਹੇਗਾ ਕਿ ਵਿਕਾਸ ਦਾ, ਨਿੱਜੀ ਵਿਕਾਸ ਦਾ ਵੀ ਸਹੀ ਭਾਵ ਕੀ ਹੈ ?

**ਪਰ ਤਰੱਕੀ ਸਿਰਫ ਸੰਸਾਰਕ ਕਾਰਜਾਂ ਤਕ ਸੀਮਤ ਰਹਿ ਜਾਵੇ, ਇਹ ਸਿੱਖੀ ਦੀ ਸੰਪੂਰਨਤਾ ਨਹੀਂ, ਭਾਵੇਂ ਸਿੱਖੀ ਦਾ ਇੱਕ ਅੰਗ ਹੈ।** ਸਿੱਖੀ ਦੀ ਸੰਪੂਰਨਤਾ ਸਿਰਫ ਕਿਰਤ ਨਹੀਂ, ਸਗੋਂ ਹੋਰ ਵੀ ਬਹੁਤ ਕੁਝ ਹੈ। ਪਰ ਪਹਿਲਾਂ ਹਾਲੇ ਕਿਰਤ ਦੀ ਗੱਲ ਵੀ ਅੱਗੇ ਤੋਰ ਲਈਏ। ਸਿੱਖ ਦੀ ਕਿਰਤ ਧਰਮ ਦੀ ਕਿਰਤ ਹੈ। ਸਿਰਫ ਕਿਰਤ ਤਾਂ ਸਾਰੇ ਕਰਦੇ ਹਨ। ਪਰ ਧਰਮ ਦੀ ਕਿਰਤ ਗੁਰੂ ਨੇ ਦੱਸੀ ਹੈ। ਸੋ, ਪੜ੍ਹਾਈ ਵਿੱਚ ਧੋਖਾ ਤੇ ਦਗਾ ਕਰਨਾ, ਇਮਤਿਹਾਨ ਵਿੱਚ ਨਕਲ ਮਾਰਨਾ ਤੇ ਝੂਠ ਬੋਲਕੇ ਆਪਣੇ ਆਪ ਨੂੰ ਅੱਗੇ ਲਿਜਾਣਾ ਜਾਇਜ਼ ਨਹੀਂ। ਸਹਿਪਾਠੀਆਂ ਨਾਲ, ਆਪਣੇ ਅਧਿਆਪਕਾਂ ਨਾਲ, ਅਧਿਕਾਰੀਆਂ ਨਾਲ ਕੋਈ ਵੀ ਫਰੇਬ, ਝੂਠ, ਦਗਾ, ਚਾਹੇ ਕਿਤਨੇ ਵੀ ਨੰਬਰ ਦੇਵੇ, ਉਹ ਸਿੱਖੀ ਦੇ ਸੱਚ ਤੇ ਸੁੱਚ ਨੂੰ ਦਾਗ ਹੈ। ਮਿਹਨਤ ਨਾਲ, ਕਮਾਈ ਨਾਲ , ਲਿਆਕਤ ਨਾਲ ਜ਼ਰੂਰ ਅੱਗੇ ਵਧੋ। ਸਿੱਖੀ ਦੇ ਸੱਚ ਨੂੰ ਛੱਡ ਕੇ ਅੱਗੇ ਵੱਧਣਾ, ਚੌੜਾ ਹੋਣਾ ਹੈ। ਇਹ ਵਿਕਾਸ ਨਹੀਂ।

ਸੰਸਾਰਕ ਪੜ੍ਹਾਈ ਤੇ ਨਿਪੁੰਨਤਾ, ਲਿਆਕਤ ਤੇ ਇਮਾਨਦਾਰੀ ਨਾਲ ਖੱਟੀ ਹੋਈ



ਤਰੱਕੀ ਵੀ ਤੁਹਾਡੇ ਲਈ ਅਧੂਰੀ ਹੈ, ਜੇ ਇਹ ਸਿੱਖੀ ਜੀਵਨ ਵਿਹਾਰ ਵਿੱਚ, ਨਾਮ ਤੇ ਬੰਦਗੀ ਦੇ ਰਾਹ ਵਿੱਚ ਰੁਕਾਵਟ ਬਣੇ।

ਸਾਡੇ ਸਮੇਂ ਉਤੇ ਸਵੇਰੇ ਉੱਠ ਕੇ ਪਹਿਲਾਂ ਅਧਿਕਾਰ ਗੁਰੂ ਤੇ ਨਿਰੰਕਾਰ ਦਾ ਹੈ। ਸਕੂਲ ਦੇ ਸਮੇਂ ਤੋਂ ਸਹਿਜ ਨਾਲ ਪਹਿਲਾਂ ਤਿਆਰ ਹੋਵੋ। ਇਸ਼ਨਾਨ ਕਰੋ, ਸਰੀਰ ਦੀ ਸਫਾਈ ਵੱਲ ਧਿਆਨ ਦਿਓ। ਪਰ ਅੰਨਪਾਣੀ ਤੋਂ ਪਹਿਲਾਂ, ਚੰਗੇ ਸਵੇਰ ਵੇਲੇ, ਸਗੋਂ ਅੰਮ੍ਰਿਤ ਵੇਲੇ, ਹੀ ਆਪਣੇ ਮਨ, ਸੁਰਤੀ ਤੇ ਆਤਮਾ ਨੂੰ ਗੁਰੂ ਉਪਦੇਸ਼ ਨਾਲ ਜੁੜਨ ਲਈ ਨਿਤਨੇਮ ਬਾਣੀਆਂ ਦਾ ਪਾਠ ਅਤਿ ਜ਼ਰੂਰੀ ਹੈ।

ਸ਼ੁਰੂਆਤ ਜਪੁਜੀ ਸਾਹਿਬ ਤੋਂ ਕਰਕੇ ਹੌਲੀ-ਹੌਲੀ ਪੰਜ ਬਾਣੀਆਂ ਦੇ ਰੋਜ਼ ਦੇ ਨਿਤਨੇਮ ਤੇ ਪਹੁੰਚੋ। ਇਹ ਤੁਹਾਡਾ ਦਿਨ ਦਾ ਖਜ਼ਾਨਾ ਤੇ ਖੱਟੀ ਹੈ। ਇਹ ਕੋਲ ਹੋਵੇਗਾ ਤਾਂ ਕੋਈ ਤੋਟ ਨਹੀਂ ਆਵੇਗੀ। ਕੋਈ ਮੁਸ਼ਕਿਲ ਸਮੱਸਿਆ ਐਸੀ ਨਹੀਂ, ਜੋ ਗੁਰੂ ਦੇ ਥਾਪੜੇ ਲਏ ਹੋਣ ਕਰਕੇ, ਹੱਲ ਨਾਂਹ ਹੋਈ ਹੋਵੇ। ਕਿਸੇ ਹੋਰ ਵਿਅਕਤੀ ਦੀ ਮੱਦਦ ਦੀ ਲੋੜ ਨਹੀਂ। ਨਿਰੰਕਾਰ ਗੁਰੂ ਨਾਨਕ ਦੀ ਮੱਦਦ ਸਦਾ ਨਾਲ ਰੱਖੋ।

**ਪਾਠ, ਰੱਬ ਨਾਲ, ਗੁਰੂ ਨਾਲ ਗੱਲਾਂ ਕਰਨਾ ਹੈ। ਸ਼ੁੱਧ ਪਾਠ ਤੇ ਸਹਿਜ ਨਾਲ ਪਾਠ ਕਰੋਗੇ ਤਾਂ ਅੰਦਰੋਂ ਰਸ ਆਵੇਗਾ ਤੇ ਤੁਹਾਨੂੰ ਰੱਬੀ ਮਿਠਾਸ ਦਾ ਸੁਆਦ ਆਵੇਗਾ।** ਸ਼ੁੱਧ ਪਾਠ ਦਾ ਭਾਵ ਹੈ, ਜੋ ਪਾਠ ਲਿਖਿਆ ਹੈ ਉਸਨੂੰ ਧਿਆਨ ਨਾਲ ਜਿਵੇਂ ਲਿਖਿਆ ਹੈ ਉਵੇਂ ਹੀ ਪੜ੍ਹੋ। ਕੋਸ਼ਿਸ਼ ਕਰੋ, ਹੌਲੀ-ਹੌਲੀ ਸਹੀ ਉਚਾਰਣ ਬਣ ਜਾਵੇਗਾ। ਪਰ ਆਪੇ ਸਕੀਮ ਬਣਾ ਕੇ ਜਾਂ ਕਿਸੇ ਦੇ ਕਹੇ ਤੇ, ਨਾਂ ਤਾਂ ਕੋਈ ਅੱਖਰ ਤੇ ਨਾਂ ਹੀ ਲੱਗੀ ਹੋਈ ਕੋਈ ਲੱਗ, ਮਾਤਰ, ਬਿੰਦੀ, ਟਿੱਪੀ ਛੱਡੋ। ਨਾ ਹੀ ਆਪਣੇ ਕੋਲੋਂ ਕੋਈ ਅਲੱਗ, ਮਾਤਰ ਲਾਵੋ। ਜੋ ਗੁਰੂ ਨੇ ਲਿਖਿਆ ਹੈ, ਉਹ ਪੜ੍ਹੋ, ਅਤੇ ਆਪਣੇ ਕੰਨ ਨੂੰ ਤੇ ਮਨ ਨੂੰ (ਭਾਵ ਸਹਿਤ) ਸਮਝਾਉ। ਇੰਝ ਗੁਰੂ ਦਾ ਸਵੱਛ ਅਤੇ ਸ਼ੁੱਧ ਸਾਥ ਅਤੇ ਗੁਰੂ ਦੇ ਬਚਨ ਤੁਹਾਡੇ ਨਾਲ ਰਹਿਣਗੇ। ਇਸ ਤੋਂ ਵਧੀਆ ਹਰ ਰੋਜ਼ ਦਾ ਖਜ਼ਾਨਾ ਨਹੀਂ ਹੋ ਸਕਦਾ।

ਹੁਣ ਸਵਾਲ ਹੈ ਟਾਈਮ ਦਾ। ਪੂਰੇ ਨਿਤਨੇਮ ਤੇ ਘੰਟਾ ਕੁ ਲੱਗਦਾ ਹੈ। ਸਵੇਰੇ ਉੱਠਣ ਦੀ ਵਿਉਂਤ ਹੀ ਇੰਝ ਹੋਵੇ ਕਿ ਇਹ ਸੌਖਾ ਸਮਾਂ ਸੁਚੇਤ ਅਤੇ ਸਾਵਧਾਨੀ ਸਹਿਤ ਤੁਹਾਡੇ ਨਾਲ ਹੋਵੇ। ਇਹ ਜੀਵਨ ਪੜ੍ਹਾਈ ਵਾਸਤੇ, ਕਾਰ- ਵਿਹਾਰ ਵਾਸਤੇ ਅਤੇ ਕੇਵਲ ਖਾਣ-ਪੀਣ ਵਾਸਤੇ ਨਹੀਂ ਮਿਲਿਆ। ਗੁਰਸਿੱਖੀ ਅਤੇ ਗੁਰਮਤਿ ਦੀ ਕਾਰ ਵਾਸਤੇ ਮਿਲਿਆ ਹੈ। ਰੱਬ ਨਾਲ ਪਿਆਰ ਅਤੇ ਉਸਦੇ ਹੁਕਮ-ਰਜਾਈ ਵਿਚ ਚੱਲਣ ਵਾਸਤੇ ਹੈ। ਇਹ ਉਪਦੇਸ਼ ਸ਼ਬਦ-ਗੁਰਬਾਣੀ ਨਾਲ ਦ੍ਰਿੜ ਕਰਨ ਤੇ ਹੀ ਕਮਾਇਆ ਜਾ ਸਕਦਾ ਹੈ। **ਨਿੱਤਨੇਮ ਰੋਜ਼ ਦੀ ਉਪਦੇਸ਼-ਯਾਦ ਹੈ। ਮਨ ਨੂੰ ਧੋਣਾ, ਅਤੇ ਸਮਝਾਉਣਾ ਹੈ ਅਤੇ ਪ੍ਰਭੂ ਦੀ ਸਿਮਰਨ ਯਾਦ ਵਿੱਚ ਜੁੜਨਾ ਹੈ। ਨਿੱਤਨੇਮ ਤੋਂ ਬਿਨ੍ਹਾਂ ਵਾਲਾ ਸਿੱਖ ਜਾਂ ਤਾਂ ਅਧੂਰਾ ਹੈ ਜਾਂ ਪਾਖੰਡੀ ਹੈ।** ਤੁਸੀਂ ਤੇ ਗੁਰੂ ਦੇ ਸੱਚੇ ਸਿੱਖ ਬਣਨਾ ਹੈ ਨਾ? ਇਸ ਲਈ ਗੁਰੂ ਦੇ ਟਾਈਮ ਨੂੰ ਰੱਬ ਦੇ ਟਾਈਮ ਨੂੰ ਪੜ੍ਹਾਈ, ਅਖਬਾਰ, ਖੇਡ, ਗੱਪਵਾਜੀ, ਟੀ.ਵੀ. ਜਾਂ ਆਲਸ ਵਿੱਚ ਨਾ ਗਵਾਉ। ਆਓ! ਵਾਪਸ ਗੁਰੂ ਦੇ ਬਣ ਜਾਉ ਅਤੇ ਗੁਰੂ ਦੇ ਲੜ ਲੱਗ ਜਾਉ।

ਮਾਪੇ, ਉਸਤਾਦ, ਰਿਸ਼ਤੇਦਾਰ ਜਾਂ ਕੋਈ ਵੀ ਜਿਹੜਾ ਨਿਤਨੇਮ ਤੋਂ ਮਨ੍ਹਾਂ ਕਰੇ ਜਾਂ ਇਸਨੂੰ ਗੈਰ-ਜਰੂਰੀ ਦੱਸੇ ਉਹਨਾਂ ਦੀ ਗੱਲ ਨਹੀਂ ਮੰਨਣੀ। ਉਹਨਾਂ ਨੂੰ ਤੁਸੀਂ ਪਿਆਰ ਨਾਲ ਦੱਸੋ ਕਿ ਗੁਰੂ ਤੋਂ ਉੱਪਰ, ਨਿਤਨੇਮ ਤੋਂ ਉੱਪਰ ਕੁਝ ਵੀ ਨਹੀਂ । ਇਹ ਸਭ ਕੁਝ ਨਿਤਨੇਮ ਤੋਂ ਬਾਅਦ, ਨਿਤਨੇਮ ਤੋਂ ਪਿੱਛੋਂ ਹਨ, ਗੁਰੂ ਤੋਂ ਪਿੱਛੋਂ ਹਨ।

ਮੇਰੇ ਪਿਆਰੇ ਬੱਚਿਓ! ਮੈਂ ਤੁਹਾਨੂੰ ਵੱਡਿਆਂ ਦਾ ਸਤਿਕਾਰ ਛੱਡਣ ਲਈ ਨਹੀਂ ਕਹਿ ਰਿਹਾ, ਸਗੋਂ ਉਹਨਾਂ ਨੂੰ ਗੁਰੂ ਦੇ ਰਾਹੇ ਪਾਉਣ ਲਈ, ਪ੍ਰੇਰਨਾ ਦੇਣ ਲਈ ਕਹਿ ਰਿਹਾ ਹਾਂ। ਗੁਰੂ ਦੇ ਬਣ ਕੇ ਦੇਖੋ, ਇਹ ਸਾਰੇ ਤੁਹਾਡੇ ਨਾਲ ਹੀ ਖੜੇ ਹੋਣਗੇ। ਤੁਸੀਂ ਸਿੱਖ ਮਾਪਿਆਂ ਦੇ ਜਾਏ ਹੋ। ਉਹ ਤੁਹਾਨੂੰ ਗੁਰੂ ਵੱਲੋਂ ਨਹੀਂ ਮੋੜਦੇ, ਸਿਰਫ ਚਾਹੁੰਦੇ ਹਨ ਕਿ ਪੜ੍ਹਾਈ ਵਿੱਚ ਤੇ ਸਿਹਤ ਵਿੱਚ ਪੂਰੇ ਰਹੋ। ਇਹ ਤਾਂ ਗੁਰੂ ਕਹਿੰਦਾ ਹੈ। ਬਸ ਸਤਿਗੁਰੂ ਪ੍ਰਾਥਮਿਕਤਾ ਨੰਬਰ ਇੱਕ ਹੈ। ਸਤਿਗੁਰੂ ਸਭ ਤੋਂ ਪਹਿਲੇ ਹੈ।



ਇਸਦਾ ਭਾਵ ਹੈ ਕਿ ਸਕੂਲ ਦਾ ਹੋਮ-ਵਰਕ, ਆਪਣੀ ਖੇਡ ਨਿਪੁੰਨਤਾ ਅਤੇ ਗੱਪ-ਸ਼ੱਪ ਅਤੇ ਟੀ. ਵੀ. ਅੰਮ੍ਰਿਤ ਵੇਲੇ ਵਾਸਤੇ ਨਹੀਂ, ਉਹਨਾਂ ਨੂੰ ਰਾਤ ਹੀ ਇੰਝ ਮੁਕਾ ਕੇ ਸੋਵੋ ਕਿ ਨੀਂਦ ਵੀ ਪੂਰੀ ਲਉ ਅਤੇ ਸਾਵਧਾਨ ਹੋ ਕੇ ਸਵੇਰੇ ਪਾਠ ਕਰਕੇ ਸਕੂਲ ਜਾ ਸਕੋ।

ਮੇਰੇ ਪਿਆਰੇ ਸਿੱਖ ਬੱਚੇ ਜੀਓ! ਗੁਰੂ ਜੀ ਨੇ ਵੰਡ ਛੱਕਣ ਲਈ ਵੀ ਕਿਹਾ ਹੈ। ਤੁਸੀਂ ਲਾਇਕ ਬੱਚੇ ਹੋ ਕੇ, ਦੂਜੇ ਗੁਰਸਿੱਖ ਬੱਚਿਆਂ ਤੇ ਹੋਰਨਾਂ ਦੀ ਪੜ੍ਹਾਈ ਲਈ ਮੱਦਦ ਕਰੋ। ਜੇ ਮਾਤਾ-ਪਿਤਾ ਤੁਹਾਨੂੰ ਖਾਣ-ਪੀਣ ਅਤੇ ਖਰਚੇ ਲਈ ਦੇਣ, ਉਹ ਵੀ ਵੰਡ ਕੇ ਖਾਉ। ਪਰ ਸਭ ਤੋਂ ਵੱਡੀ ਵੰਡਣ ਦੀ ਲੋੜ ਹੈ ਆਪਣੇ ਸਿੱਖੀ ਪਿਆਰ ਦੀ ਤੇ ਸਿੱਖੀ ਗਿਆਨ ਦੀ। ਇਤਿਹਾਸ, ਗੁਰਬਾਣੀ ਅਤੇ ਰਹਿਤ ਮਰਯਾਦਾ ਨੂੰ ਵੀ ਵੰਡ ਕੇ ਛਕੋ। **"ਆਪ ਜਪਹੁ ਅਵਰਹੁ ਨਾਮ ਜਪਾਵਹੁ॥ "**

ਇਸ ਤੋਂ ਪਹਿਲਾਂ ਕਿ ਮੈਂ ਚਿੱਠੀ ਸਮਾਪਤ ਕਰਾਂ ਇੱਕ ਜਰੂਰੀ ਗੱਲ। ਤੁਸੀਂ ਸਿੱਖ ਮਾਤਾ-ਪਿਤਾ ਦੇ ਸਿੱਖ ਬੱਚੇ ਹੋ, ਤੁਸੀਂ ਆਪਣੇ ਵਿਸ਼ਵਾਸ਼ ਤੇ ਵਿਚਾਰਾਂ ਕਰਕੇ ਸਿੱਖ ਹੋ। ਗੁਰੂ ਜੀ ਤੋਂ ਮਿਲਣ ਵਾਲੀਆਂ ਅਸੀਸਾਂ ਤੇ ਰੂਹਾਨੀ ਆਨੰਦ ਨੂੰ ਤੁਸੀਂ ਇੱਕ ਸਿੱਖ ਵਜੋਂ ਜੀਵਨ ਵਿੱਚ ਢਾਲ ਰਹੇ ਹੋ। **ਮੈਨੂੰ ਪੂਰਾ ਭਰੋਸਾ ਹੈ ਕਿ ਤੁਸੀਂ ਆਪਣੇ ਆਪ ਨੂੰ ਸਿੱਖ ਅਖਵਾਉਣ ਤੋਂ ਬਿਲਕੁਲ ਨਹੀਂ ਘਬਰਾਉਂਦੇ।** ਇਸ ਬ੍ਰਹਿਮੰਡ ਵਿੱਚ ਸਿੱਖ ਪ੍ਰਮਾਤਮਾ ਦੇ ਵਿਸ਼ੇਸ਼ ਦੂਤ ਵਜੋਂ ਵਿਚਰਦਾ ਹੈ। ਉਸ ਤੇ ਖਾਸ ਬਖਸ਼ਿਸ਼ ਹੈ। ਉਹ ਸਿੱਖੀ ਨੂੰ ਪਿਆਰ ਕਰਦਾ ਹੈ ਤੇ ਸਿੱਖੀ ਜੀਵਨ ਜਿਊਂਦਾ ਹੈ। ਇੱਕ ਚੰਗਾ 'ਅਨੰਦਮਈ ਤੇ ਅੰਮ੍ਰਿਤ ਭਰਪੂਰ ਜੀਵਨ ਜੀਣ ਵਿੱਚ ਉਹ ਦੂਜਿਆਂ ਨਾਲੋਂ ਅੱਗੇ ਹੈ। ਉਹ ਅੰਦਰੋਂ-ਬਾਹਰੋਂ ਇੱਕ ਹੈ। ਇਮਾਨਦਾਰ ਹੈ।

ਗੁਰੂ ਜੀ ਨੇ ਸਿੱਖਾਂ ਨੂੰ ਇੱਕ ਵਿਸ਼ੇਸ਼ ਦ੍ਰਿਸ਼ਟੀ ਤੇ ਦਿੱਖ ਪ੍ਰਦਾਨ ਕੀਤੀ ਹੈ। ਸਾਬਤ ਸੂਰਤ ਤੇ ਸੰਪੂਰਨ ਕੇਸ ਓਵੇਂ ਹੀ ਹਨ, ਜਿਵੇਂ ਦੇ ਪ੍ਰਮਾਤਮਾ ਦੇ ਰੱਬੀ ਰੰਗ ਵਿੱਚ ਮਿਲੇ ਹਨ। ਅਸੀਂ ਉਹਨਾਂ ਨੂੰ ਸਾਫ ਤੇ ਸਵੱਸਥ ਰੱਖਦੇ ਹਾਂ। ਅਸੀਂ ਕੇਸਾਂ ਨੂੰ ਗੁਰੂ ਜੀ ਦਾ

ਮਿਲਿਆ ਪਿਆਰਾ ਹੁਕਮ ਮੰਨਦੇ ਹਾਂ ਤੇ ਸਦੀਵੀ ਸਾਥੀ ਵਜੋਂ ਰੱਖਦੇ ਹਾਂ। ਇਹ ਸਾਡੇ ਲਈ ਕੋਈ ਖੇਡ ਖੇਡਣ ਦੀ ਵਸਤ ਨਹੀਂ ਹੈ। **ਅਸੀਂ ਵਾਲਾਂ ਨੂੰ ਵਾਲ ਨਹੀਂ, ਸਗੋਂ 'ਕੇਸ' ਕਹਿ ਕੇ ਸਤਿਕਾਰਦੇ ਹਾਂ।** ਗੁਰੂ ਜੀ ਵੱਲੋਂ ਮਿਲਿਆ ਇਹ ਸਾਡਾ ਅਮੋਲਕ ਵਿਰਸਾ ਹੈ। ਇਹ ਦੁਨੀਆਂ ਦੇ ਅਜੋਕੇ ਫੈਸ਼ਨਾਂ ਨਾਲ ਬਦਲਦਾ ਨਹੀਂ।

ਇਹ ਕਿਸੇ ਵੀ ਸਮੇਂ ਇਤਿਹਾਸ ਦੀ ਲੋੜ ਨਹੀਂ ਸਨ ਤੇ ਨਾਂ ਹੀ ਦੁਰਘਟਨਾ ਦੀ ਉਪਜ ਹੈ, ਸਗੋਂ ਕੇਸ ਤਾਂ ਪ੍ਰਮਾਤਮਾ ਤੇ ਗੁਰੂ ਜੀ ਦੀ ਪਿਆਰੀ ਯਾਦ ਹੈ। ਅਸੀਂ ਪੱਗੜੀ, ਦਸਤਾਰ ਸਜਾ ਕੇ ਇੰਨ੍ਹਾਂ ਕੇਸਾਂ ਨੂੰ ਸ਼ਿੰਗਾਰਦੇ ਹਾਂ। ਸਿੱਖ ਬੱਚੇ ਹਮੇਸ਼ਾਂ ਦਸਤਾਰ ਸਜਾ ਕੇ ਘਰੋਂ ਬਾਹਰ ਨਿੱਕਲਦੇ ਹਨ ਤੇ ਬੱਚੀਆਂ ਸਿਰ ਤੇ ਵੱਡਾ ਦੁਪੱਟਾ ਜਾ ਸਕਾਫ਼ ਲੈ ਕੇ ਕੇਸਾਂ ਦੀ ਸੰਭਾਲ ਕਰਦੀਆਂ ਹਨ। ਸਾਰੇ ਸੰਸਾਰ ਵਿੱਚ, ਇਹ ਹੁਣ ਸਿੱਖਾਂ ਦੀ ਪਛਾਣ ਬਣ ਗਏ ਹਨ। ਸਿੱਖ ਨੌਜਵਾਨ ਬੱਚੇ ਆਪਣਾ ਸਾਬਤ ਸੂਰਤ ਦਾਹੜਾ ਰੱਖਦੇ ਹਨ। ਸਿੱਖ ਭਾਵੇਂ ਪ੍ਰਧਾਨ ਮੰਤਰੀ ਹੋਵੇ ਜਾਂ ਇੱਕ ਆਮ ਨਾਗਰਿਕ, ਉਹ ਇਸੇ ਸਿੱਖੀ ਸਰੂਪ ਨਾਲ ਵਿਚਰਨ ਵਿੱਚ ਮਾਣ ਮਹਿਸੂਸ ਕਰਦਾ ਹੈ।

ਮੇਰੇ ਪਿਆਰੇ ਸਿੱਖ ਬੱਚਿਓ ! **ਆਪਣੇ ਕੇਸਾਂ/ਦਸਤਾਰ ਤੇ ਦੁਪੱਟੇ ਨੂੰ ਗੁਰੂ ਜੀ ਵੱਲੋਂ ਮਿਲੀ ਪਿਆਰੀ ਅਮਾਨਤ ਸਮਝ ਕੇ ਰੱਖਣਾ। ਨਿਰਸੰਕੋਚ ਹੋ ਕੇ ਕਹੋ ਕਿ ਮੈਂ ਗੁਰੂ ਦਾ ਸਿੱਖ ਹਾਂ।** ਕਦੇ ਵੀ ਆਪਣੇ ਕੇਸਾਂ ਜਾਂ ਦਸਤਾਰ ਨਾਲ ਖੇਡ/ਮਖੌਲ ਨਾ ਕਰਨਾ। ਸਾਡਾ ਇਤਿਹਾਸ ਉਨ੍ਹਾਂ ਹਜ਼ਾਰਾਂ ਸ਼ਹੀਦਾਂ ਨਾਲ ਭਰਿਆ ਹੋਇਆ ਹੈ। ਜਿੰਨ੍ਹਾਂ ਨੇ ਸੀਸ ਦੇ ਦਿੱਤਾ, ਪਰ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਹੀ। ਅੱਜ ਦੇ ਇਸ ਲੋਕਤੰਤਰੀ ਅਤੇ ਵਿਕਸਿਤ ਸੰਸਾਰ ਵਿੱਚ ਸਿੱਖਾਂ ਦਾ ਉਨ੍ਹਾਂ ਦੀ ਵਿਲੱਖਣ ਪਛਾਣ ਲਈ ਵਿਸ਼ੇਸ਼ ਸਤਿਕਾਰ ਹੈ।

ਹਾਂ ! ਕਦੇ ਵੀ, ਕਦੇ ਵੀ ਫੈਸ਼ਨ ਜਾਂ ਆਰਾਮ ਲੈਣ ਲਈ ਕੇਸਾਂ ਨੂੰ ਨਾ ਛੋਟੇ ਕਰਾਇਓ। **ਕਦੇ ਵੀ, ਭੀੜ ਵਾਂਗ ਨਾ ਵਿਚਰੋ। ਗੁਰੂ ਜੀ ਨੇ ਤੁਹਾਨੂੰ ਵਿਸ਼ੇਸ਼ ਤੇ ਵਿਲੱਖਣ ਆਗੂ ਵਜੋਂ ਬਣਾਇਆ ਹੈ।** ਜਿਸਨੇ ਸਾਰੇ ਸੰਸਾਰ ਨੂੰ ਸੇਧ ਦੇਣੀ ਹੈ।



ਕੇਸਾਂ ਤੋ ਵਿਹੂਣੇ ਹੋ ਕੇ ਤੁਸੀਂ ਭੀੜ ਵਿੱਚ ਗੁਆਚੇ ਬੱਚੇ ਵਾਂਗ ਨਾਂ ਰੁਲੋ। **ਕੇਸਾਧਾਰੀ ਬਣ ਕਿ ਇੱਕ ਕੈਪਟਨ ਵਜੋਂ, ਇੱਕ ਆਗੂ ਵਜੋਂ ਤੇ ਜੰਗਲ ਦੇ ਸ਼ੇਰ ਵਜੋਂ ਵਿਚਰੋ।**

**ਹਾਂ ਸਿੱਖ, ਸੰਤ ਤੇ ਸਿਪਾਹੀ ਵੀ ਹੈ। ਤੁਸੀਂ ਸਿਪਾਹੀ ਹੋ, ਸਿੱਖੀ ਸਰੂਪ, ਸਿੱਖੀ ਸਪਿਰਿਟ ਅਤੇ ਸਿੱਖੀ ਰਹਿਤ ਦੇ ਰਾਖੇ ਬਣ ਕੇ।** ਜੋ ਕੁੱਝ ਭੁੱਲੜ ਜਾਂ ਦੁਸ਼ਮਣ ਇਹਨਾਂ ਮੂਲ ਕੀਮਤਾਂ ਤੇ ਹਮਲਾ ਕਰੇ ਅਤੇ ਕਹੇ ਕਿ ਕੇਸਾਂ ਦੀ ਲੋੜ ਨਹੀਂ, ਦਸਤਾਰ ਦੀ ਲੋੜ ਨਹੀਂ ਜਾਂ ਬਾਣੀ ਪੜ੍ਹਣ ਦੀ ਲੋੜ ਨਹੀਂ ਜਾਂ ਕੋਈ ਮੂਰਖ ਕਹੇ ਕਿ ਅੱਜ ਦੇ ਜ਼ਮਾਨੇ ਵਿੱਚ ਸੱਚੇ-ਸੁੱਚੇ ਇਮਾਨਦਾਰ ਜੀਵਨ ਦੀ ਲੋੜ ਨਹੀਂ ਤਾਂ ਉਸਦਾ ਡਟ ਕੇ, ਸਿੱਖ ਸੰਤ ਸਿਪਾਹੀ ਬਣ ਕੇ ਟਾਕਰਾ ਕਰੋ। ਗਿਆਨ ਦੇ ਮੈਦਾਨ ਵਿੱਚ, ਵੀਚਾਰ ਦੇ ਮੈਦਾਨ ਅਤੇ ਵਿਖਿਆਨ ਦੇ ਮੈਦਾਨ ਵਿੱਚ, ਮੇਰੇ ਬੱਚੇ ਜੀ ਸਿੱਖੀ ਦੇ ਰਾਖੇ ਬਣੋ। ਭੁੱਲਿਆਂ ਨੂੰ ਰਾਹੇ ਪਾਓ। ਜੇ ਕੋਈ ਬਦਮਾਸ਼, ਡਾਢਾ ਹੋ ਕੇ, ਜ਼ਾਲਮ ਹੋ ਕੇ ਟੱਕਰਦਾ ਹੈ ਤਾਂ ਭਾਈ ਬਚਿੱਤਰ ਸਿੰਘ, ਬਾਬਾ ਦੀਪ ਸਿੰਘ, ਅਕਾਲੀ ਫੂਲਾ ਸਿੰਘ ਅਤੇ ਹਰੀ ਸਿੰਘ ਨਲੂਆ ਬਣ ਕੇ, ਉਹਨਾਂ ਨੂੰ ਰਸਤੇ ਤੋਂ ਹਟਾ ਕੇ ਪਰ੍ਹੇ ਕਰੋ ਅਤੇ ਕਹੋ ਕਿ "ਆਪਣੇ ਘਰ ਅੱਗ ਵਿੱਚ ਸੜੋ ਭਾਵੇਂ ਮਰੋ, ਪਰ ਜੇ ਸਾਨੂੰ ਅੱਗ ਲਾਉਣ ਆਵੋਗੇ ਤਾਂ ਸੋਧੇ ਜਾਵੋਗੇ"। **ਮੇਰੇ ਲਾਲ ਜੀ, ਤੁਸੀਂ ਲਾਇਕ, ਤਕੜੇ, ਸਿਹਤਮੰਦ, ਤੇ ਗੁਰੂ ਦੇ ਸੱਚੇ ਸਿੱਖ, ਆਖਰੀ ਸੁਆਸ ਤੱਕ ਬਣੇ ਰਹੋ।**

ਇਹੀ ਮੇਰੀ ਚਿੱਠੀ ਦਾ ਮਨੋਰਥ ਹੈ, ਇਹੀ ਮੇਰੀ ਬੇਨਤੀ ਹੈ, ਇਹ ਮੇਰੀ ਤੁਹਾਨੂੰ ਅਸੀਸ ਹੈ। ਇਹੀ ਮੇਰੀ ਤੁਹਾਨੂੰ ਸ਼ਾਬਾਸ਼ ਹੈ। ਮੇਰੇ ਗੁਰੂ ਦਾ ਹੱਥ ਸਾਡੇ ਸਿਰ ਤੇ ਹੈ। ਤੁਸੀਂ ਵਾਹਿਗੁਰੂ ਦੇ ਹੋ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਤੁਹਾਡੇ ਪਿਆਰ ਵਿੱਚ ਤੇ ਸਿੱਖੀ ਦੀ ਸੇਵਾ ਵਿੱਚ,

**ਬ੍ਰਿਜਪਾਲ ਸਿੰਘ (ਡਾਕਟਰ)**

**11, ਗ੍ਰੀਨ ਵਿਊ ਪਟਿਆਲਾ**

**ਟੈਲੀਫੋਨ: 0175-2216738**

## ਦੋ ਸ਼ਬਦ ਪ੍ਰਕਾਸ਼ਕ ਵੱਲੋਂ...

ਕੀ ਤੁਸੀਂ ਡਾ: ਬ੍ਰਿਜਪਾਲ ਸਿੰਘ ਜੀ ਨੂੰ ਮਿਲੇ ਹੋ? ਉਹ ਨਿਮਰਤਾ ਦੀ ਮੂਰਤ, ਦਿਬ-ਦ੍ਰਿਸ਼ਟੀ ਵਾਲੇ ਅਜਿਹੇ ਗੁਰਸਿੱਖ ਹਨ, ਜਿਹਨਾਂ ਨੂੰ ਮਿਲ ਕੇ ਹਿਰਦਾ ਖਿੜ ਜਾਂਦਾ ਹੈ। ਪਿਆਰ ਉਤਸ਼ਾਹ ਤੇ ਪਰਉਪਕਾਰ ਦੇ ਉਮਾਹੇ ਨਾਲ ਐਨੇ ਓਤ-ਪੋਤ। ਜਦੋਂ ਵੀ ਮੈਂ ਉਹਨਾਂ ਨੂੰ ਮਿਲਦਾ ਹਾਂ ਜਾਂ ਉਹਨਾਂ ਬਾਰੇ ਸੋਚਦਾ ਹੀ ਹਾਂ, ਮਨ ਇਕਦਮ ਉਤਸ਼ਾਹਤ ਹੋ ਜਾਂਦਾ ਹੈ। ਗੁਰਸਿੱਖੀ ਦੇ ਅਜਿਹੇ ਮਾਡਲ ਨੂੰ ਨਮਸਕਾਰ ਹੈ, ਆਦੇਸੁ ਹੈ।

ਆਪ ਜੀ ਸੰਨ 1959-1961 ਤੱਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ, ਡਾ: ਮਨਮੋਹਨ ਸਿੰਘ (ਹੁਣ ਭਾਰਤ ਦੇ ਪ੍ਰਧਾਨ ਮੰਤਰੀ) ਦੇ ਵਿਦਿਆਰਥੀ ਰਹੇ ਹਨ। ਉਹਨਾਂ ਇੱਕ ਵਾਰੀ ਡਾ: ਬ੍ਰਿਜਪਾਲ ਸਿੰਘ ਜੀ ਬਾਰੇ ਕਿਹਾ ਕਿ **"ਨੰਬਰਾਂ ਦੇ ਰਾਹੀਂ ਬ੍ਰਿਜਪਾਲ ਸਿੰਘ ਦੀ ਅਸਲ ਕਾਬਲੀਅਤ ਨਹੀਂ ਪਰਖੀ ਜਾ ਸਕਦੀ। ਉਹ ਗਰੇਡ 'A' ਦਾ ਵਿਦਿਆਰਥੀ ਹੈ ਅਤੇ ਉਸਨੂੰ ਤਾਂ Cambridge University ਹੋਣਾ ਚਾਹੀਦਾ ਸੀ।"**

ਡਾ: ਬ੍ਰਿਜਪਾਲ ਸਿੰਘ ਜੀ ਦਾ ਲੇਖ **'ਇੱਕ ਸਿੱਖ ਯੂਨਾਨ ਵਿੱਚ'** ਬੜਾ ਹੀ ਪ੍ਰਚਲਿਤ ਹੋਇਆ ਹੈ। ਵਿਦੇਸ਼ਾਂ ਵਿੱਚ ਇੱਕ ਸਿੱਖ ਨੂੰ ਕਿਵੇਂ ਰਹਿਣਾ ਤੇ ਵਰਤਣਾ ਚਾਹੀਦਾ ਹੈ, ਇਸ ਦੀ ਇਸ ਲੇਖ ਵਿੱਚ ਭਰਪੂਰ ਪ੍ਰੇਰਣਾ ਮਿਲਦੀ ਹੈ। ਆਪ ਜੀ ਨੇ ਪ੍ਰੋਫੈਸਰ ਆਫ Economics ਵਜੋਂ **ਲਾਲ ਬਹਾਦਰ ਸ਼ਾਸ਼ਤਰੀ, ਨੈਸ਼ਨਲ ਅਕੈਡਮੀ ਆਫ Administration, ਮੰਸੂਰੀ** ਤੋਂ ਸੇਵਾ ਮੁਕਤੀ ਤੋਂ ਬਾਅਦ, ਆਪਣਾ ਸਮੁੱਚਾ ਜੀਵਨ ਨੌਜਵਾਨਾਂ ਨੂੰ ਭਾਰਤੀ ਸਿਵਿਲ ਸੇਵਾਵਾਂ ਲਈ ਤਿਆਰ ਕਰਨ ਦੇ ਆਹਰ ਵਿੱਚ ਲਗਾ ਦਿੱਤਾ ਹੈ। ਆਪ ਪਟਿਆਲਾ ਵਿਖੇ **Mahant Gopal Singh Institute of Competitions & Employment** ਚਲਾ ਰਹੇ ਹਨ। ਇਸ ਚੈਰੀਟੇਬਲ ਸੰਸਥਾ ਰਾਹੀਂ ਲਾਗਤ ਮਾਤਰ ਫੀਸ ਨਾਲ ਹੁਣ ਤੱਕ ਆਪ 30 ਦੇ ਕਰੀਬ ਅਫਸਰ ਦੇਸ਼ ਨੂੰ ਦੇ ਚੁੱਕੇ ਹੋ। ਕੁਝ ਚੋਣਵੇਂ ਨਾਮ ਹਨ - ਸ. ਰੁਪਿੰਦਰ ਸਿੰਘ (IPS), ਧਨਪ੍ਰੀਤ ਕੌਰ (IPS), ਸ. ਦਲਜੀਤ ਸਿੰਘ (IPS), ਸੁਪ੍ਰੀਤ ਸਿੰਘ (IAS) ਅਤੇ ਕਈ ਹੋਰ...

ਉਪਰੋਕਤ ਤੋਂ ਵੀ ਵੱਧ ਉਹਨਾਂ ਦੀ ਵੱਡੀ ਪ੍ਰਾਪਤੀ ਹੈ - ਇੱਕ ਆਦਰਸ਼ਕ ਗੁਰਸਿੱਖ ਦਾ ਜੀਵਨ ਹੋਣਾ। **ਮੈਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਆਪ ਪੈਂਟ ਕਮੀਜ਼ ਵਾਲੇ ਸੰਤ ਹੋ।** ਇੱਕ ਅਧਿਆਤਮਕ ਰਤਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਿੰਨ ਭਗਤ ਅਤੇ ਅਜੋਕੇ ਸਮੇਂ ਦੇ ਅਸਲ ਹੀਰੋ ਤੇ ਰੋਲ ਮਾਡਲ ਹਨ। ਇਸ ਸੱਚੀ-ਸੁੱਚੀ ਰੂਹ ਬਾਰੇ ਬਿਆਨ ਕਰਨ ਲਈ ਮੇਰੇ ਪਾਸ ਕੋਈ ਸ਼ਬਦ ਨਹੀਂ ਹਨ।

ਪੁਸਤਕ ਵਿੱਚ ਲਿਖੀਆਂ ਤਿੰਨੋਂ ਚਿੱਠੀਆਂ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ ਅਤੇ ਅਸਲੇ ਨਾਲ ਜੋੜਦੀਆਂ ਹਨ। **ਸੁਕ੍ਰਿਤ ਟਰੱਸਟ** ਇਹਨਾਂ ਨੂੰ ਛਾਪਣ ਵਿੱਚ ਮਾਣ ਮਹਿਸੂਸ ਕਰਦਾ ਹੈ।

**ਜਸਵਿੰਦਰ ਸਿੰਘ ਖਾਲਸਾ**
**ਸੁਕ੍ਰਿਤ ਟਰੱਸਟ**
sukrittrust@gmail.com
3454, ਫੇਸ-2, ਦੁੱਗਰੀ , ਲੁਧਿਆਣਾ